Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 226 Tuesday, November 26, 2019 Tel: 905-793-2202 | Fax: 905-793-2282 | news@punjabipost.ca

TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਸੀਐਨ ਦੀ ਹੜਤਾਲ ਕਾਰਨ ਪੋਟਾਸ਼ ਦੀ ਖਾਣ ਬੰਦ

ਸਸਕੈਚਵਨ, 25 ਨਵੰਬਰ (ਪੋਸਟ ਬਿਊਰੋ) : ਨਿਊਟਰੀਅਨ ਲਿਮਟਿਡ ਦਾ ਕਹਿਣਾ ਹੈ ਕਿ ਕੈਨੇਡੀਅਨ ਨੈਸ਼ਨਲ ਰੇਲਵੇ ਕਾਰਪੋਰੇਸ਼ਨ ਦੀ ਹੜਤਾਲ ਕਾਰਨ ਉਨ੍ਹਾਂ ਵੱਲੋਂ ਆਪਣੀ ਸੱਭ ਤੋਂ ਵੱਡੀ ਪੋਟਾਸ਼ ਦੀ ਖਾਣ (ਮਾਈਨ) ਬੰਦ ਕੀਤੀ ਜਾ ਰਹੀ ਹੈ। ਖਾਦ ਬਣਾਉਣ ਵਾਲੀ ਇਸ ਵੱਡੀ ਕੰਪਨੀ ਦੇ ਇਸ ਫੈਸਲੇ ਨਾਲ 550 ਕਰਮਚਾਰੀਆਂ ਦੀ ਆਰਜ਼ੀ ਛੁੱਟੀ ਹੋ ਜਾਵੇਗੀ।




### 550 ਕਾਮਿਆਂ ਦੀ ਹੋਵੇਗੀ ਆਰਜ਼ੀ ਛੁੱਟੀ

ਨਿਊਟਰੀਅਨ ਦੇ ਚੀਫ ਐਗਜ਼ੈਕਟਿਵ ਚੱਕ ਮਾਗਰੋ ਨੇ ਦੱਸਿਆ ਕਿ ਵਰਕਰਜ਼ ਨੂੰ ਇਸ ਸਬੰਧ ਵਿੱਚ ਅੱਜ ਨੋਟਿਸ ਮਿਲ ਜਾਣਗੇ ਕਿ 2 ਦਸੰਬਰ ਤੋਂ ਸ਼ੁਰੂ ਕਰਕੇ ਅਗਲੇ ਦੋ ਹਫਤਿਆਂ ਤੱਕ ਦੱਖਣਪੂਰਬੀ ਸਸਕੈਚਵਨ ਵਿੱਚ ਖਾਣ ਦੇ ਕੰਮ ਨੂੰ ਰੋਕ ਦਿੱਤਾ ਜਾਵੇਗਾ। ਇੱਥੇ ਦੱਸਣਾ ਬਣਦਾ ਹੈ ਕਿ ਰੋਕਨਵਿੱਲੇ ਮਾਈਨ ਦੇ ਬਹੁਤੇ ਉਤਪਾਦ ਸੀਐਨ ਰੇਲ ਰਾਹੀਂ ਹੀ ਲਿਆਂਦੇ-ਲਿਜਾਏ ਜਾਂਦੇ ਹਨ ਤੇ ਸੀਐਨ ਰੇਲ ਇਸ ਸਮੇਂ ਦਸ ਫੀ ਸਦੀ ਵੀ ਕੰਮ ਨਹੀਂ ਕਰ ਰਹੀ।

ਮਾਗਰੋ ਨੇ ਆਖਿਆ ਕਿ ਖਰਾਬ ਮੌਸਮ ਤੇ ਟਰੇਡ ਵਿਵਾਦ ਕਾਰਨ ਪਹਿਲਾਂ ਤੋਂ ਹੀ ਚੱਲ ਰਹੀ ਮੰਦੀ ਤੇ ਹੁਣ ਇਸ ਹੜਤਾਲ ਕਾਰਨ ਕਿਸਾਨਾਂ ਤੇ ਖਾਣ ਵਿੱਚ ਕੰਮ ਕਰਨ ਵਾਲੇ ਵਰਕਰਜ਼ ਦਾ ਲੱਕ ਟੁੱਟ ਗਿਆ ਹੈ ਤੇ ਇਹ ਸਥਿਤੀ ਕਾਫੀ ਨਿਰਾਸ਼ਾਜਨਕ ਹੈ। ਹਫਤੇ ਤੋਂ ਚੱਲ ਰਹੀ ਇਸ ਹੜਤਾਲ ਨੂੰ ਖ਼ਤਮ ਕਰਵਾਉਣ ਲਈ ਕਿਊਬਿਕ ਦੇ ਸੈਂਕੜੇ ਕਿਸਾਨਾਂ ਵੱਲੋਂ ਟਰੈਕਟਰਾਂ ਦੇ ਕਾਫਲੇ ਨਾਲ ਅੱਜ ਮਾਂਟਰੀਅਲ ਦੀਆਂ ਸੜਕਾਂ ਉੱਤੇ ਮਾਰਚ ਕੀਤਾ ਗਿਆ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਹਲਕੇ ਦੇ ਆਫਿਸ ਸਾਹਮਣੇ ਮੱਕੀ ਦੇ ਢੇਰ ਲਾ ਦਿੱਤੇ ਗਏ।

ਓਟਵਾ ਵੱਲੋਂ ਕੁੱਝ ਇੰਡਸਟਰੀਜ਼ ਤੇ ਪ੍ਰੋਵਿੰਸ਼ੀਅਲ ਮੰਤਰੀਆਂ ਦੀ ਮੰਗ ਉੱਤੇ ਪਾਰਲੀਆਮੈਂਟ ਦੀ ਕਾਰਵਾਈ ਮੁੜ ਸੱਦੇ ਜਾਣ ਦੀ ਥਾਂ ਇਸ ਮਾਮਲੇ ਵਿੱਚ ਗੱਲਬਾਤ ਰਾਹੀਂ ਮਸਲੇ ਨੂੰ ਹੱਲ ਕਰਨ ਦੀ ਗੁਜ਼ਾਰਿਸ਼ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਦੇਸ਼ ਭਰ ਵਿੱਚ 3200 ਸੀਐਨ ਕਰਮਚਾਰੀ ਮੰਗਲਵਾਰ ਸਵੇਰ ਤੋਂ ਹੜਤਾਲ ਉੱਤੇ ਹਨ। ਇਨ੍ਹਾਂ ਕਰਮਚਾਰੀਆਂ ਵੱਲੋਂ ਲੰਮੇਂ ਘੰਟਿਆਂ ਤੱਕ ਕੰਮ ਕਰਨ, ਥਕਾਵਟ ਤੇ ਕੰਮ ਦੇ ਖਤਰਨਾਕ ਹਾਲਾਤ ਦੇ ਬਾਵਜੂਦ 23 ਜੁਲਾਈ ਤੋਂ ਕੋਈ ਕਾਂਟਰੈਕਟ ਸਿਰੇ ਨਾ ਚੜ੍ਹਨ ਕਾਰਨ ਇਹ ਹੜਤਾਲ ਕੀਤੀ ਗਈ ਹੈ।

## ਸਪੇਵਰ ਤੇ ਕੋਵਰਿੱਗ ਬਾਰੇ ਸ਼ੈਂਪੇਨ ਨੇ ਵਾਂਗ ਯੀ ਨਾਲ ਕੀਤੀ ਗੱਲਬਾਤ


ਓਟਵਾ, 25 ਨਵੰਬਰ (ਪੋਸਟ ਬਿਊਰੋ) : ਕੈਨੇਡਾ ਦੇ ਨਵੇਂ ਵਿਦੇਸ਼ ਮੰਤਰੀ ਫਰੈਂਕੋਇਸ-ਫਿਲਿਪ ਸ਼ੈਂਪੇਨ ਇਸ ਵੀਕੈਂਡ ਨਗੋਇਆ, ਜਾਪਾਨ ਪਹੁੰਚ ਗਏ ਹਨ। ਇੱਥੇ ਉਹ ਜੀ-20 ਵਿਦੇਸ਼ ਮੰਤਰੀਆਂ ਦੀ ਹੋਣ ਵਾਲੀ ਮੀਟਿੰਗ ਵਿੱਚ ਹਿੱਸਾ ਲੈਣਗੇ। ਬੁੱਧਵਾਰ ਨੂੰ ਨਵੇਂ ਮੰਤਰਾਲੇ ਦੀ ਵਾਗਡੋਰ ਸਾਂਭਣ ਤੋਂ ਬਾਅਦ ਸ਼ੈਂਪੇਨ ਦਾ ਇਹ ਪਹਿਲਾ ਵਿਦੇਸ਼ ਦੌਰਾ ਹੈ। ਸ਼ਨਿੱਚਰਵਾਰ ਨੂੰ ਉਨ੍ਹਾਂ ਚੀਨ ਦੇ ਵਾਂਗ ਯੀ ਨਾਲ ਗੱਲਬਾਤ ਕੀਤੀ। ਸ਼ੈਂਪੇਨ ਨੇ ਯੀ ਨਾਲ ਚੀਨ ਵਿੱਚ ਨਜ਼ਰਬੰਦ ਕੈਨੇਡੀਅਨ ਕਾਰੋਬਾਰੀ ਮਾਈਕਲ ਸਪੇਵਰ ਤੇ ਸਾਬਕਾ ਡਿਪਲੋਮੈਟ ਮਾਈਕਲ ਕੋਵਰਿੱਗ ਬਾਰੇ ਗੱਲਬਾਤ ਕੀਤੀ। ਇਨ੍ਹਾਂ ਦੋਵਾਂ ਕੈਨੇਡੀਅਨਾਂ ਨੂੰ ਹੁਣ ਇੱਕ ਸਾਲ ਦੇ ਨੇੜੇ ਤੇੜੇ ਚੀਨ ਵਿੱਚ ਨਜ਼ਰਬੰਦ ਹੋਇਆਂ ਹੋ ਚੁੱਕਿਆ ਹੈ। ਉਨ੍ਹਾਂ ਉੱਤੇ ਚੀਨ ਦੀ ਕੌਮੀ ਸੁਰੱਖਿਆ ਨੂੰ ਖਤਰਾ ਪਹੁੰਚਾਉਣ ਦਾ ਦੋਸ਼ ਲਾਇਆ ਗਿਆ ਸੀ।




ਸ਼ੈਂਪੇਨ ਨੇ ਆਖਿਆ ਕਿ ਜਦੋਂ ਉਨ੍ਹਾਂ ਕੈਨੇਡਾ ਦੇ ਵਿਦੇਸ਼ ਮੰਤਰੀ ਦਾ ਅਹੁਦਾ ਸਾਂਭਿਆ ਤਾ ਚੀਨ ਨਾਲ ਸਾਡੇ ਸਬੰਧ ਬਹੁਤ ਹੀ ਨਾਸਾਜ਼ ਸਨ। ਇਸ ਦੇ ਬਾਵਜੂਦ ਉਨ੍ਹਾਂ ਆਖਿਆ ਕਿ ਸਪੇਵਰ ਤੇ ਕੋਵਰਿੱਗ ਦੀ ਰਿਹਾਈ ਹੀ ਉਨ੍ਹਾਂ ਦੀ ਮੁੱਖ ਤਰਜੀਹ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਦੀ ਗੁਜ਼ਾਰਿਸ਼ ਉੱਤੇ ਪਹਿਲੀ ਦਸੰਬਰ ਨੂੰ ਆਰਸੀਐਮਪੀ ਨੇ ਹੁਆਵੇਈ ਤਕਨਾਲੋਜੀ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਵੈਨਕੂਵਰ ਏਅਰਪੋਰਟ ਉੱਤੇ ਗ੍ਰਿਫਤਾਰ ਕਰ ਲਿਆ ਸੀ। ਹੁਣ ਅਮਰੀਕਾ ਇਰਾਨ ਵਿੱਚ ਪਾਬੰਦੀਆਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਤਹਿਤ ਵਾਨਜ਼ੋਊ ਦੀ ਹਵਾਲਗੀ ਚਾਹੁੰਦਾ ਹੈ।

...ਬਾਕੀ ਪੰਨਾ 6 'ਤੇ

### ਅੱਜ ਦੀ ਤਸਵੀਰ: ਸ਼ਹੀਦ ਗੰਜ



ਪੰਜਾਬੀ ਪੋਸਟ ਵੱਲੋਂ ਅੱਜ ਤੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਇਤਿਹਾਸਕ ਪਵਿੱਤਰ ਅਸਥਾਨ' ਪੁਸਤਕ ਲੜੀਵਾਰ ਛਪਣੀ ਸ਼ੁਰੂ ਹੋ ਚੁੱਕੀ ਹੈ। ਅੱਜ ਦੀ ਇਹ ਤਸਵੀਰ ਸ਼ਹੀਦ ਗੰਜ ਦੀ ਹੈ। ..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto
Business • Trucking
Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

WE DESIGN & BUILD
ANGLECON CONSTRUCTION
Fully Insured | Team of licensed trades | Quality work & on-time insured
RESIDENTIAL
• Custom homes
• Home additions
• Full home renovations
• Legal basement
COMMERCIAL
• New store design & build
• Lease hold Improvements
• Medical, offices, restaurants, retail & salon
FAST TRACK PERMIT & CONSTRUCTION
437.219.5009
info@anglecon.ca
BRAMPTON ◦ MISSISSAUGA ◦ ETOBICOKE ◦ OAKVILLE

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ
Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ
ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਿਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING | 647-784-1213

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Black Friday Deals
VISIT US IN STORE FOR
EXCLUSIVE OFFERS
GET $50 IN-STORE CREDIT*
*WITH NEW ACTIVATION ON A $40/MO DATA, TALK & TEXT PLAN
chatr™
AUTHORIZED DEALER
Offer Available Nov 28th, 29th, 30th | Dec 1st & 2nd at :
379 Main St. North Brampton | 905-451-0379
2456 Lake shore Blvd W. Etobicoke | 416-259-3654
*Valid at participating location(s) above. Only applicable with new activation on a $40/mo or higher Data, Talk & Text plan. In-store credit cannot be applied to top-ups, bill payments or redeemed for cash and has no cash value. Visit chatrmobile.com/plans for more details. ™ Trademarks used under license ©2019

AMAN TRAVEL SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at: 218 Kingknoll Dr., Brampton, ON L6Y 4X4

## ਅੱਜ ਨਾਮਾ

ਪਰਾਲੀ ਸਾੜਨ ਤੋਂ ਪਿਆ ਈ ਫੇਰ ਭੜਥੂ,
ਸੁਪਰੀਮ ਕੋਰਟ ਨੇ ਪਾਈ ਹੈ ਝਾੜ ਮੀਆਂ।
ਕਹਿੰਦੀ ਕੀਤਾ ਸਰਕਾਰ ਨੇ ਕੱਖ ਹੈ ਨਹੀਂ,
ਕਿਰਸਾਨ ਰਹੇ ਪਰਾਲੀ ਹਨ ਸਾੜ ਮੀਆਂ।
ਰਾਜ ਸਰਕਾਰ ਜੇ ਦੇਵੇ ਕੁਝ ਖਰਚ ਪੈਸਾ,
ਕਰ ਲੈਣ ਲੋਕ ਫਿਰ ਕੁਝ ਜੁਗਾੜ ਮੀਆਂ।
ਚਰਚਾ ਖਾਲੀ ਖਜ਼ਾਨੇ ਦੀ ਛਿੜੀ ਰਹਿੰਦੀ,
ਜੀਹਨੂੰ ਮਾਂਜ ਗਈ ਰਾਜਸੀ ਧਾੜ ਮੀਆਂ।
ਫਿਰ ਵੀ ਚਰਚਾ ਪਰਾਲੀ ਦੀ ਜਦੋਂ ਹੁੰਦੀ,
ਦੱਸਦਾ ਕੋਈ ਵੀ ਠੋਸ ਨਹੀਂ ਹੱਲ ਮੀਆਂ।
ਬੰਨ੍ਹਿਆ ਜਾਂਦਾ ਈ ਗੁੱਡਾ ਪੰਜਾਬੀਆਂ ਦਾ,
ਕੋਈ ਨਾ ਹੋਰਨਾਂ ਦੀ ਕਰਦਾ ਗੱਲ ਮੀਆਂ।

**ਤੀਸ ਮਾਰ ਖਾਂ**

# ਸਿੱਖਿਆ ਪ੍ਰਬੰਧ ਵਿੱਚ ਤਬਦੀਲੀਆਂ ਦੇ ਖਿਲਾਫ ਹਨ ਓਨਟਾਰੀਓ ਵਾਸੀ : ਰਿਪੋਰਟ

ਕੁਈਨਜ਼ ਪਾਰਕ, 25 ਨਵੰਬਰ (ਪੋਸਟ ਬਿਊਰੋ) : ਸਿੱਖਿਆ ਪ੍ਰਬੰਧ ਵਿੱਚ ਤਬਦੀਲੀਆਂ ਕਰਨ ਲਈ ਕਾਹਲੀ ਡੱਗ ਫੋਰਡ ਸਰਕਾਰ ਨੂੰ ਸ਼ਾਇਦ ਲੋਕਾਂ ਤੋਂ ਸਹਿਯੋਗ ਨਾ ਮਿਲੇ। ਇਸ ਦਾ ਖੁਲਾਸਾ ਨਵੇਂ ਸਰਵੇਖਣ ਤੋਂ ਹੋਇਆ। ਇਸ ਤੋਂ ਇਹ ਸਾਹਮਣੇ ਆਇਆ ਕਿ ਓਨਟਾਰੀਓ ਵਾਸੀ ਸਿੱਖਿਆ ਉੱਤੇ ਹੋਣ ਵਾਲੇ ਖਰਚੇ ਤੋਂ ਲੈ ਕੇ ਕਲਾਸਾਂ ਦੇ ਆਕਾਰ ਤੱਕ ਕੀ ਸੋਚਦੇ ਹਨ।

ਨੈਨੋਜ਼ ਰਿਸਰਚ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਪ੍ਰੋਵਿੰਸ ਦੇ ਹਰ ਹਿੱਸੇ ਤੋਂ ਸ਼ਾਮਲ ਹੋਏ ਲੋਕਾਂ ਨੇ ਦੱਸਿਆ ਕਿ ਪ੍ਰੋਵਿੰਸ਼ੀਅਲ ਸਰਕਾਰ ਨੂੰ ਘਾਟੇ ਨਾਲ ਨਜਿੱਠਣ ਦੀ ਥਾਂ ਸਿੱਖਿਆ ਸਬੰਧੀ ਖਰਚੇ ਨੂੰ ਪਹਿਲ ਦੇਣੀ ਚਾਹੀਦੀ ਹੈ। ਸਰਵੇਖਣ ਵਿੱਚ ਸ਼ਾਮਲ ਲੋਕਾਂ ਵਿੱਚੋਂ ਬਹੁਤਿਆਂ ਨੇ ਪੈਸੇ ਦੀ ਬਚਤ ਲਈ ਕਲਾਸਾਂ ਦੇ ਆਕਾਰ ਵਿੱਚ ਵਾਧਾ ਕੀਤੇ ਜਾਣ ਵਰਗੇ ਕਦਮ ਨੂੰ ਗਲਤ ਦੱਸਿਆ। ਇਹ ਸਰਵੇਖਣ ਓਨਟਾਰੀਓ ਪਬਲਿਕ ਸਕੂਲ ਬੋਰਡਜ਼ ਐਸੋਸਿਏਸ਼ਨ (ਓਪੀਐਸਬੀਏ) ਦੇ ਕਹਿਣ ਉੱਤੇ ਕਰਵਾਇਆ ਗਿਆ ਸੀ। ਇਸ ਸਮੇਂ ਓਪੀਐਸਬੀਏ, ਪ੍ਰੋਵਿੰਸ ਦੇ ਪਬਲਿਕ ਐਲੀਮੈਂਟਰੀ ਤੇ ਹਾਈ ਸਕੂਲ ਟੀਚਰਜ਼ ਯੂਨੀਅਨਜ਼ ਦੇ ਨਾਲ ਨਾਲ ਸਰਕਾਰ ਨਾਲ ਚੱਲ ਰਹੀ ਗੱਲਬਾਤ ਵਿੱਚ ਫਸੀ ਹੋਈ ਹੈ। ਇਹ ਰਲੀਜ਼ ਵਰਕ ਟੂ ਰੂਲ ਕੈਂਪੇਨ, ਜਿਸ ਨਾਲ ਪ੍ਰੋਵਿੰਸ ਭਰ ਦੇ ਸੈਂਕੜੇ ਐਲੀਮੈਂਟਰੀ ਤੇ ਹਾਈ ਸਕੂਲ ਪ੍ਰਭਾਵਿਤ ਹੋਣਗੇ, ਦੇ ਸ਼ੁਰੂ ਹੋਣ ਤੋਂ ਠੀਕ ਇੱਕ ਦਿਨ ਪਹਿਲਾਂ ਜਾਰੀ ਕੀਤੀ ਗਈ।



ਇਸ ਸਰਵੇਖਣ ਵਿੱਚ ਸਾਹਮਣੇ ਆਇਆ ਕਿ 61 ਫੀ ਸਦੀ ਓਨਟਾਰੀਓ ਵਾਸੀਆਂ ਦਾ ਮੰਨਣਾ ਹੈ ਕਿ ਪਬਲਿਕ ਐਜੂਕੇਸ਼ਨ ਉੱਤੇ ਖਰਚਾ ਕਰਨਾ ਪ੍ਰੋਵਿੰਸ ਦੇ 9 ਬਿਲੀਅਨ ਡਾਲਰ ਦੇ ਘਾਟੇ ਨੂੰ ਖਤਮ ਕਰਨ ਤੇ ਜਾਂ ਫਿਰ 357 ਬਿਲੀਅਨ ਦਾ ਕਰਜ਼ਾ ਲਾਹੁਣ ਤੋਂ ਕਿਤੇ ਜ਼ਿਆਦਾ ਜ਼ਰੂਰੀ ਹੈ। ਅਪਰੈਲ 2019 ਵਿੱਚ ਪੇਸ਼ ਕੀਤੇ ਗਏ ਬਜਟ ਵਿੱਚ ਫੋਰਡ ਸਰਕਾਰ ਨੇ ਸਿੱਖਿਆ ਉੱਤੇ 700 ਮਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ ਸੀ। ਆਲੋਚਕਾਂ ਦਾ ਕਹਿਣਾ ਹੈ ਕਿ ਇਹ ਮੁਦਰਾਸਫਿਤੀ ਦੀ ਦਰ ਨਾਲ ਤਾਲਮੇਲ ਨਹੀਂ ਬਿਠਾ ਪਾਏਗਾ।

ਸਾਲ ਦੇ ਅਖੀਰ ਵਿੱਚ ਦਿੱਤੇ ਗਏ ਆਰਥਿਕ ਬਿਆਨ ਵਿੱਚ ਸਰਕਾਰ ਨੇ ਦੱਸਿਆ ਕਿ ਉਸ ਵੱਲੋਂ ਐਜੂਕੇਸ਼ਨ ਸੈਕਟਰ ਵਿੱਚ 186 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਗਿਆ ਹੈ। ਇਹ ਬਹੁਤਾ ਕਰਕੇ ਪਾਲਿਸੀ ਬਦਲੇ ਜਾਣ ਤੇ ਸਕੂਲਾਂ ਵਿੱਚ ਦਾਖਲ ਹੋਏ ਵਾਧੂ ਵਿਦਿਆਥੀਆਂ ਕਾਰਨ ਹੈ। ਪ੍ਰੋਵਿੰਸ ਦੇ ਐਜੂਕੇਸ਼ਨ ਸਿਸਟਮ ਨੂੰ ਫੰਡ ਕਿਵੇਂ ਦੇਣੇ ਚਾਹੀਦੇ ਹਨ ਇਸ ਬਾਰੇ ਪੁੱਛੇ ਜਾਣ ਉੱਤੇ 65 ਫੀ ਸਦੀ ਨੇ ਦੱਸਿਆ ਕਿ ਇਹ ਸਕੂਲਾਂ ਵਿੱਚ ਦਾਖਲ ਹੋਏ ਵਿਦਿਆਰਥੀਆਂ ਤੇ ਮੁਦਰਾਸਫਿਤੀ ਦੀ ਦਰ ਦੇ ਹਿਸਾਬ ਨਾਲ ਹੋਣੇ ਚਾਹੀਦੇ ਹਨ।

25 ਫੀ ਸਦੀ ਦਾ ਮੰਨਣਾ ਹੈ ਕਿ ਇਹ ਪ੍ਰੋਵਿੰਸ ਦੇ ਸਮੁੱਚੇ ਖਰਚੇ ਦਾ ਕੁੱਝ ਹਿੱਸਾ ਹੋਣੇ ਚਾਹੀਦੇ ਹਨ ਤੇ ਸਕੂਲ ਬੋਰਡਾਂ ਨੂੰ ਦਿੱਤੇ ਗਏ ਬਜਟ ਵਿੱਚ ਹੀ ਕੰਮ ਕਰਨਾ ਚਾਹੀਦਾ ਹੈ। ਓਪੀਬੀਐਸਏ ਦੀ ਪ੍ਰੈਜ਼ੀਡੈਂਟ ਕੈਥੀ ਅਬ੍ਰਾਹਮ ਨੇ ਇੱਕ ਬਿਆਨ ਵਿੱਚ ਆਖਿਆ ਕਿ ਪ੍ਰੋਵਿੰਸ਼ੀਅਲ ਬਜਟ ਵਿੱਚ ਦੂਜੀ ਥਾਂ ਉੱਤੇ ਸੱਭ ਤੋਂ ਵੱਧ ਫੰਡ ਐਜੂਕੇਸ਼ਨ ਲਈ ਰੱਖਿਆ ਜਾਂਦਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਸਰਵੇਖਣ ਦੇ ਨਤੀਜਿਆਂ ਨਾਲ ਪਬਲਿਕ ਐਜੂਕੇਸ਼ਨ ਲਈ ਸਥਿਰ ਫੰਡਿੰਗ ਰੱਖਣ ਵਿੱਚ ਮਦਦ ਮਿਲੇਗੀ। ਕਲਾਸਾਂ ਦਾ ਆਕਾਰ ਵਧਾਉਣ ਦੇ ਮਾਮਲੇ ਵਿੱਚ ਓਨਟਾਰੀਓ ਵਾਸੀਆਂ ਨੇ ਰਲਵੀਂ ਮਿਲਵੀਂ ਰਾਇ ਪ੍ਰਗਟਾਈ ਜਦਕਿ 41 ਫੀ ਸਦੀ ਨੇ ਆਖਿਆ ਕਿ ਪੈਸੇ ਦੀ ਬਚਤ ਲਈ ਉਹ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਅਨੁਪਾਤ ਵਿੱਚ ਵਾਧਾ ਕਰਨ ਦੇ ਖਿਲਾਫ ਹਨ। ਚਾਰਾਂ ਵਿੱਚੋਂ ਇੱਕ ਨੇ ਆਖਿਆ ਕਿ ਉਹ ਕਲਾਸਾਂ ਦਾ ਆਕਾਰ ਵਧਾਏ ਜਾਣ ਦੇ ਖਿਲਾਫ ਹਨ ਜਦਕਿ 11 ਫੀ ਸਦੀ ਨੇ ਆਖਿਆ ਕਿ ਕਲਾਸਾਂ ਦਾ ਆਕਾਰ ਵਧਾਉਣ ਦੇ ਹੱਕ ਵਿੱਚ ਹਨ।

# ਕਰਤਾਰਪੁਰ ਲਾਂਘੇ ਦੇ ਉਦਘਾਟਨ ਪਿੱਛੋਂ ਪੰਜਾਬ ਵਿੱਚ ਪਾਸਪੋਰਟ ਸੇਵਾਵਾਂ ਦਾ ਵਾਧਾ

ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿਚਲੇ ਕਰਤਾਰਪੁਰ ਸਾਹਿਬ ਦੇ ਗੁਰਦੁਆਰਾ ਸਾਹਿਬ ਲਈ ਲਾਂਘਾ ਖੁੱਲ੍ਹਣ ਤੋਂ ਬਾਅਦ ਪਾਸਪੋਰਟ ਬਣਾਉਣ ਲਈ ਭਾਰੀ ਗਿਣਤੀ ਵਿੱਚ ਆਈਆਂ ਅਰਜ਼ੀਆਂ ਕਾਰਨ ਵਿਦੇਸ਼ ਮੰਤਰਾਲੇ ਨੇ ਪੰਜਾਬ ਵਿੱਚ ਪਾਸਪੋਰਟ ਸੇਵਾਵਾਂ ਦਾ ਵਾਧਾ ਕੀਤਾ ਹੈ। ਭਾਰਤ ਅਤੇ ਪਾਕਿ-ਸਤਾਨ ਵਿਚਾਲੇ ਹੋਏ ਸਮਝੌਤੇ ਤਹਿਤ ਲਾਂਘੇ ਰਾਹੀਂ ਕਰਤਾਰਪੁਰ ਸਾਹਿਬ ਜਾਣ ਲਈ ਭਾਰਤੀ ਸ਼ਰਧਾਲੂਆਂ ਕੋਲ ਪਾਸਪੋਰਟ ਹੋਣਾ ਲਾਜ਼ਮੀ ਹੈ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਦੱਸਿਆ ਕਿ ਪਾਸਪੋਰਟ ਸੇਵਾਵਾਂ ਨੂੰ ਹੋਰ ਸੌਖਾ ਕੀਤਾ ਗਿਆ ਹੈ। ਪੰਜਾਬ ਵਿੱਚ ਇਸ ਸਮੇਂ ਤਿੰਨ ਪਾਸਪੋਰਟ ਦਫਤਰ, ਪੰਜ ਪਾਸਪੋਰਟ ਸੇਵਾ ਕੇਂਦਰ, ਛੇ ਡਾਕਘਰ ਪਾਸਪੋਰਟ ਸੇਵਾ ਕੇਂਦਰ ਹਨ, ਜਿਨ੍ਹਾਂ ਤੋਂ ਇਲਾਵਾ ਨਵੇਂ ਡਾਕਘਰ ਪਾਸਪੋਰਟ ਸੇਵਾ ਕੇਂਦਰ ਖੋਲ੍ਹੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਪਾਸ-ਪੋਰਟ ਬਣਵਾਉਣਾ ਔਖਾ ਕੰਮ ਨਹੀਂ। ਉਨ੍ਹਾਂ ਕਿਹਾ ਕਿ ਲਾਂਘੇ ਰਾਹੀਂ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਪਿਛਲੇ ਕੁਝ ਦਿਨਾਂ ਤੋਂ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਦੀ ਗੱਲਬਾਤ ਤੋਂ ਬਾਅਦ ਹੀ ਲਾਂਘੇ ਸੰਬੰਧੀ ਦੁਵੱਲਾ ਸਮਝੌਤਾ ਹੋਇਆ ਹੈ। ਇਸ ਲਈ ਕੋਈ ਵੀ ਬਦਲਾਅ ਦੋਵਾਂ ਦੇਸ਼ਾਂ ਵੱਲੋਂ ਮਿਲ ਕੇ ਹੀ ਕੀਤਾ ਜਾ ਸਕਦਾ ਹੈ ਨਾ ਕਿ ਸਿਰਫ ਇੱਕ ਟਵੀਟ ਕਰਨ ਜਾਂ ਬਿਆਨ ਦੇਣ ਨਾਲ ਅਜਿਹਾ ਕੀਤਾ ਜਾ ਸਕਦਾ ਹੈ।

# ਓਨਟਾਰੀਓ ਦੇ ਅਗਲੇ ਲਿਬਰਲ ਆਗੂ ਲਈ ਰਾਹ ਹੋਵੇਗੀ ਮੁਸ਼ਕਲ




ਟੋਰਾਂਟੋ, 25 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੀ ਲਿਬਰਲ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਲਈ ਡੈੱਡਲਾਈਨ ਸੋਮਵਾਰ ਸ਼ਾਮ ਨੂੰ 5:00 ਵਜੇ ਤੱਕ ਹੈ। ਇਸ ਅਹੁਦੇ ਲਈ ਅਪਲਾਈ ਕਰਨ ਵਾਲੇ ਅੰਦਰ ਮਜ਼ਬੂਤ ਆਰਗੇਨਾਈਜ਼ੇਸ਼ਨਲ ਸਕਿੱਲਜ਼ ਤੇ ਤੇਜ਼ੀ ਨਾਲ ਬਦਲ ਰਹੇ ਸਿਆਸੀ ਪਰੀਪੇਖ ਅਨੁਸਾਰ ਢਲਣ ਦੀ ਸਮਰੱਥਾ ਵੀ ਹੋਣੀ ਚਾਹੀਦੀ ਹੈ। ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਵਾਲਿਆਂ ਉੱਤੇ ਬਾਰੀਕੀ ਨਾਲ ਨਜ਼ਰ ਰੱਖ ਰਹੇ ਮਾਹਿਰਾਂ ਦਾ ਇਹੋ ਆਖਣਾ ਹੈ।

ਪਰ ਇਸ ਦੌੜ ਵਿੱਚ ਸਫਲ ਰਹਿਣ ਵਾਲੇ ਉਮੀਦਵਾਰ ਨੂੰ ਉਸ ਲਿਬਰਲ ਪਾਰਟੀ ਦਾ ਨਵੇਂ ਸਿਰੇ ਤੋਂ ਨਿਰਮਾਣ ਕਰਨਾ ਹੋਵੇਗਾ ਜਿਸ ਨੇ 16 ਸਾਲਾਂ ਤੱਕ ਓਨਟਾਰੀਓ ਉੱਤੇ ਰਾਜ ਕੀਤਾ। ਹੁਣ ਇਹ ਪਾਰਟੀ ਸਿਆਸੀ ਆਧਾਰ ਗੁਆ ਰਹੀ ਹੈ। ਇਸ ਸਮੇਂ ਵਿਲਫਰਿੱਡ ਲੌਰੀਅਰ ਯੂਨੀਵਰਸਿਟੀ ਵਿੱਚ ਪੁਲਿਟੀਕਲ ਸਾਇੰਸ ਦੇ ਪ੍ਰੋਫੈਸਰ ਤੇ ਪ੍ਰੋਵਿੰਸ਼ੀਅਲ ਲਿਬਰਲ ਕੈਬਨਿਟ ਮੰਤਰੀ ਰਹਿ ਚੁੱਕੇ ਜੌਹਨ ਮਿਲੌਏ ਨੇ ਆਖਿਆ ਕਿ ਇਹ ਮੁਕਾਬਲਾ ਕਾਫੀ ਮੁਸ਼ਕਲ ਹੋਣ ਵਾਲਾ ਹੈ। ਇਸ ਵਾਰੀ ਲੀਡਰ ਬਣਨ ਵਾਲੇ ਲਈ ਪੰਜ ਫੀ ਸਦੀ ਗਲੈਮਰ ਹੈ ਜਦਕਿ 95 ਫੀ ਸਦੀ ਸਖਤ ਮਿਹਨਤ ਹੈ।

2018 ਵਿੱਚ ਓਨਟਾਰੀਓ ਦੀ ਲਿਬਰਲ ਪਾਰਟੀ ਨੂੰ ਇਤਿਹਾਸ ਵਿੱਚ ਸੱਭ ਤੋਂ ਮਾੜੀ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੈਥਲੀਨ ਵਿੰਨ ਦੇ ਅਸਤੀਫੇ ਤੋਂ ਬਾਅਦ ਲਿਬਰਲ ਪਾਰਟੀ ਸਰਕਾਰੀ ਪਾਰਟੀ ਦਾ ਦਰਜਾ ਗੁਆ ਰਹੀ ਹੈ ਤੇ ਪਾਰਟੀ ਸਿਰ ਕਾਫੀ ਕਰਜ਼ਾ ਵੀ ਚੜ੍ਹਿਆ ਹੋਇਆ ਹੈ। ਇੱਥੇ ਦੱਸਣਾ ਬਣਦਾ ਹੈ ਕਿ ਲਿਬਰਲਾਂ ਨੇ ਆਪਣੀ ਚੋਣ ਕੈਂਪੇਨ ਲਈ ਫੰਡਾਂ ਦਾ ਜੁਗਾੜ ਕਰਨ ਵਾਸਤੇ 10 ਮਿਲੀਅਨ ਡਾਲਰ ਦਾ ਕਰਜ਼ਾ ਲਿਆ ਸੀ। ਇਸ ਸਾਲ ਦੇ ਸ਼ੁਰੂ ਵਿੱਚ 9.3 ਮਿਲੀਅਨ ਡਾਲਰ ਦਾ ਕਰਜਾ ਅਜੇ ਮੋੜਨਾ ਬਾਕੀ ਪਿਆ ਸੀ।

ਸਾਬਕਾ ਕੈਬਨਿਟ ਮੰਤਰੀ ਸਟੀਵਨ ਡੈਲ ਡਿਊਕਾ, ਮਾਈਕਲ ਕੋਟੀਉ ਤੇ ਮਿਤਜ਼ੀ ਹੰਟਰ ਇਸ ਸਮੇਂ ਲੀਡਰਸ਼ਿੱਪ ਦੌੜ ਵਿੱਚ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਕੇਟ ਗ੍ਰਾਹਮ ਤੇ ਐਲਵਿਨ ਤੇਦਜ਼ੋ ਵੀ ਇਸ ਦੌੜ ਵਿੱਚ ਸ਼ਾਮਲ ਹਨ।

GNR ਹਰਬਲ ਤੇਲ 647-853-5800
globalnaturalremedies@yahoo.com
ਦਰਦਾਂ ਵਾਸਤੇ Pain-Care Ext. Use Only $9.99
ਮਰਦਾਂ ਲਈ He-Oil Joint Support $19.99
Stress-Care For Men Only $9.99
ਔਰਤਾਂ ਲਈ Chest Massage Oil Feel Relaxed $14.99
GNR Herbal Products
GLOBAL NATURAL REMEDIES

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਅਦਾਲਤ ਵੱਲੋਂ ਜਿੰਮ ਕੈਰਿਆਨਿਸ ਨੂੰ ਕੀਤਾ ਗਿਆ ਬਹਾਲ

## ਆਡਿਟ ਕਰਵਾਏ ਜਾਣ ਦੇ ਦਿੱਤੇ ਹੁਕਮ

ਟੋਰਾਂਟੋ, 25 ਨਵੰਬਰ (ਪੋਸਟ ਬਿਊਰੋ) : ਸੁਪੀਰੀਅਰ ਕੋਰਟ ਵੱਲੋਂ ਫੈਸਲਾ ਸੁਣਾਏ ਜਾਣ ਤੋਂ ਬਾਅਦ ਸਕਾਰਬੌਰੋ-ਐਗਿਨਕੋਰਟ ਤੋਂ ਕਾਊਂਸਲਰ ਜਿੰਮ ਕੈਰਿਆਨਿਸ ਨੂੰ ਹਾਲ ਦੀ ਘੜੀ ਬਹਾਲ ਕਰ ਦਿੱਤਾ ਗਿਆ ਹੈ ਜਦਕਿ ਉਨ੍ਹਾਂ ਵੱਲੋਂ ਚੋਣਾਂ ਦੌਰਾਨ ਕੀਤੇ ਗਏ ਖਰਚਿਆਂ ਦੇ ਸਬੰਧ ਵਿੱਚ ਆਡਿਟ ਕਰਵਾਏ ਜਾਣ ਦੇ ਵੀ ਅਦਾਲਤ ਵੱਲੋਂ ਹੁਕਮ ਦਿੱਤੇ ਗਏ ਹਨ।

ਸਿਟੀ ਆਫ ਟੋਰਾਂਟੋ ਅਨੁਸਾਰ 2018 ਵਿੱਚ ਹੋਈਆਂ ਚੋਣਾਂ ਸਬੰਧੀ ਕੈਰਿਆਨਿਸ ਦੇ ਵਿੱਤੀ ਸਟੇਟਮੈਂਟ ਵਿੱਚ ਦਰਸਾਇਆ ਗਿਆ ਹੈ ਕਿ ਉਨ੍ਹਾਂ ਵੱਲੋਂ ਕੀਤੇ ਗਏ ਖਰਚਿਆਂ ਦੀ ਹੱਦ ਨਿਰਧਾਰਤ ਖਰਚਿਆਂ ਦੀ ਹੱਦ ਨਾਲੋਂ 25,000 ਡਾਲਰ ਤੋਂ ਵੀ ਟੱਪ ਗਈ। ਇਸੇ ਕਾਰਨ ਹੀ ਉਨ੍ਹਾਂ ਨੂੰ ਵਾਰਡ 22 ਦੇ ਕਾਊਂਸਲਰ ਵਜੋਂ ਹਟਾਇਆ ਗਿਆ ਸੀ। ਪਰ ਕੈਰਿਆਨਿਸ ਨੇ ਇਹ ਤਰਕ ਦਿੱਤਾ ਕਿ ਇਹ ਪੇਪਰਵਰਕ ਵਿੱਚ ਹੋਈ ਕਲੈਰੀਕਲ ਗਲਤੀ ਸੀ ਤੇ ਸੁਪੀਰੀਅਰ ਕੋਰਟ ਦੇ ਜੱਜ ਵੱਲੋਂ ਉਨ੍ਹਾਂ ਨੂੰ ਬੈਨੇਫਿਟ ਆਫ ਦ ਡਾਊਟ ਦਿੱਤਾ ਜਾ ਰਿਹਾ ਹੈ। ਜੱਜ ਵੱਲੋਂ ਆਪਣੇ ਫੈਸਲੇ ਵਿੱਚ ਆਖਿਆ ਗਿਆ ਕਿ ਕੈਰਿਆਨਿਸ ਨੂੰ ਅਜਿਹੇ ਮਾਮਲੇ ਵਿੱਚ ਐਨੀ ਵੱਡੀ ਸਜ਼ਾ ਦੇਣਾ ਜਾਇਜ਼ ਨਹੀਂ ਹੈ ਜਦੋਂ ਗਲਤੀ ਕਿਸੇ ਹੋਰ ਦੀ ਲਾਪਰਵਾਹੀ ਕਾਰਨ ਹੋਈ ਹੈ।

ਫੈਸਲੇ ਵਿੱਚ ਅੱਗੇ ਆਖਿਆ ਗਿਆ ਕਿ ਹਾਲ ਦੀ ਘੜੀ ਅਜਿਹਾ ਕੁੱਝ ਵੀ ਸਾਹਮਣੇ ਨਹੀਂ ਆਇਆ ਕਿ ਕੈਰਿਆਨਿਸ ਨੇ ਜਾਣਬੁੱਝ ਕੇ ਮਿਥੀ ਹੋਈ ਹੱਦ ਨਾਲੋਂ ਵੱਧ ਖਰਚਾ ਕੀਤਾ। ਜੱਜ ਨੇ ਅੱਗੇ ਆਖਿਆ ਕਿ ਜੁਰਮਾਨਾ ਅਜਿਹੀ ਸੂਰਤ ਵਿੱਚ ਨਹੀਂ



ਲਾਇਆ ਜਾ ਸਕਦਾ ਜੇ ਉਮੀਦਵਾਰ ਨੇ ਲਾਪਰਵਾਹੀ ਨਾਲ ਜਾਂ ਕਿਸੇ ਹੋਰ ਦੀ ਗਲਤੀ ਕਾਰਨ ਇਸ ਤਰ੍ਹਾਂ ਦਾ ਜੁਰਮ ਕੀਤਾ ਹੋਵੇ। ਜੱਜ ਨੇ ਇਹ ਵੀ ਆਖਿਆ ਕਿ ਜੇ ਇਹ ਸਿੱਧ ਹੋ ਜਾਂਦਾ ਹੈ ਕਿ ਕੈਰਿਆਨਿਸ ਨੇ ਸੋਚ ਸਮਝ ਕੇ ਤੇ ਜਾਣਬੁੱਝ ਕੇ ਨਿਯਮਾਂ ਦੀ ਉਲੰਘਣਾਂ ਕੀਤੀ ਹੈ ਤਾਂ ਉਨ੍ਹਾਂ ਨੂੰ ਹੋਰ ਜੁਰਮਾਨਾ ਲਾਏ ਜਾਣ ਦੇ ਨਾਲ ਅਜੇ ਵੀ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ।

ਸੋਮਵਾਰ ਰਾਤ ਨੂੰ ਕੈਰਿਆਨਿਸ ਨੇ ਆਪਣੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਹ ਸਿਟੀ ਹਾਲ ਵਿੱਚ ਮੁੜ ਕੰਮ ਕਰਨ ਲਈ ਉਤਸ਼ਾਹਿਤ ਹਨ।

UKTTC UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal 647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST NOW HIRING! SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

# ਜਾਂਚ ਏਜੰਸੀਆਂ ਤੇ ਰਾਜਨੀਤੀ: ਡਿਪਟੀ ਮੁੱਖ ਮੰਤਰੀ ਬਣਨ ਤੋਂ 48 ਘੰਟੇ ਅੰਦਰ ਅਜੀਤ ਪਵਾਰ ਨੂੰ 9 ਕੇਸਾਂ ਵਿੱਚ ਕਲੀਨ ਚਿੱਟ

### * ਪਹਿਲਾਂ ਭਾਜਪਾ ਭ੍ਰਿਸ਼ਟ ਕਹਿੰਦੀ ਸੀ, ਫਿਰ ਬਚਾਉਣ ਲੱਗ ਪਈ

ਮੁੰਬਈ, 25 ਨਵੰਬਰ, (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵਿੰਦਰ ਫੜਨਵੀਸ ਦੇ ਨਾਲ ਉੱਪਮੁੱਖ ਮੰਤਰੀ ਅਹੁਦੇ ਦੀ ਸਹੁੰ ਚੁੱਕਣ ਤੋਂ ਮਸਾਂ 48 ਘੰਟੇ ਬਾਅਦ ਅਜੀਤ ਪਵਾਰ ਨੂੰ 70 ਹਜਾਰ ਕਰੋੜ ਦੇ ਸਿੰਚਾਈ ਘੁਟਾਲਾ ਕੇਸ ਵਿਚ ਕਲੀਨ ਚਿੱਟ ਦੇ ਦਿੱਤੀ ਗਈ ਹੈ। ਇਹ ਕਲੀਨ ਚਿੱਟ ਅੱਜ ਮਹਾਰਾਸ਼ਟਰ ਪੁਲਸ ਦੀ ਐਂਟੀ-ਕਰੱਪਸ਼ਨ ਯੂਨਿਟ (ਏ ਸੀ ਬੀ) ਨੇ ਅਜੀਤ ਪਵਾਰ ਨੂੰ ਦਿੱਤੀ ਹੈ, ਜਿਸ ਨਾਲ ਰਾਜਨੀਤੀ ਅਤੇ ਜਾਂਚ ਏਜੰਸੀਆਂ ਦੀ ਸਾਂਝ ਖੁੱਲ੍ਹ ਗਈ ਹੈ।



ਏਸੀਬੀ ਅਧਿਕਾਰੀਆਂ ਦੇ ਮੁਤਾਬਕ ਸਿਰਫ਼ 9 ਟੈਂਡਰਸ ਦੇ ਕੇਸਾਂ ਵਿਚ ਅਜੀਤ ਪਵਾਰ ਨੂੰ ਰਾਹਤ ਮਿਲੀ ਹੈ ਅਤੇ ਇਹ ਕੇਸ ਵਿਚ ਗਵਾਹ ਨਾ ਮਿਲਣ ਕਾਰਨ ਬੰਦ ਕੀਤੇ ਗਏ ਹਨ। ਸ਼ਿਵਸੈਨਾ ਨੇਤਾ ਪ੍ਰਿਯੰਕਾ ਚਤੁਰਵੇਦੀ ਨੇ ਟਵੀਟ ਕਰਕੇ ਇਸ ਨੂੰ ਸੱਤਾ ਦੀ ਖੇਡ ਕਿਹਾ ਹੈ। ਉਨ੍ਹਾਂ ਨੇ ਦਲ-ਬਦਲੂ ਅਜੀਤ ਪਵਾਰ ਨੂੰ ਕਲੀਨ ਚਿੱਟ ਦੇਣ ਵਾਲੇ ਨੋਟੀਫਿਕੇਸ਼ਨ ਦੇ ਬਾਰੇ ਸ਼ੇਅਰ ਪੇਸ਼ ਕੀਤਾ ਹੈ ਕਿ 'ਵਾਹ-ਵਾਹ ਸੱਤਾ ਕਾ ਖੇਲ, ਅਬ ਪਤਾ ਚਲਾ,ਕਿਉਂਹੂਆ ਯੇ ਮੇਲ, ਜਾਂਚ ਹੁਈ ਫੇਲ, ਨਾ ਲੇਨੀ ਪੜੀ ਕੋਈ ਬੇਲ।' ਇਸ ਕਲੀਨ ਚਿੱਟ ਦੀ ਹਰ ਪਾਸੇ ਚਰਚਾ ਹੋ ਰਹੀ ਹੈ।

ਵਰਨਣ ਯੋਗ ਹੈ ਕਿ ਮਹਾਰਾਸ਼ਟਰ ਦੇ ਦੂਜੀ ਵਾਰ ਉਪ ਮੁੱਖ ਮੰਤਰੀ ਬਣੇ ਅਜੀਤ ਪਵਾਰ ਉਤੇ ਸੈਂਕੜੇ ਕਰੋੜਾਂ ਦੇ ਸਿੰਚਾਈ ਘੁਟਾਲੇ ਦਾ ਦੋਸ਼ ਹੈ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਇਸ ਮੁੱਦੇ ਉਤੇ ਉਨ੍ਹਾਂ ਨੂੰ ਕਈ ਵਾਰ ਘੇਰਦੀ ਰਹੀ ਹੈ। ਇਹੀ ਨਹੀਂ,ਮਹਾਰਾਸ਼ਟਰ ਸਟੇਟ ਕੋਆਪਰੇਟਿਵ ਬੈਂਕ ਘੁਟਾਲੇ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਐਨਸੀਪੀ ਪਾਰਟੀ ਦੇ ਪ੍ਰਧਾਨ ਸ਼ਰਦ ਪਵਾਰ ਤੇ ਅਜੀਤ ਪਵਾਰ ਸਣੇ 70 ਹੋਰ ਲੋਕਾਂ ਉੱਤੇ ਮਨੀ ਲਾਂਡਰਿੰਗ ਕੇਸ ਦਰਜ ਕੀਤਾ ਸੀ।

# ਸੁਪਰੀਮ ਕੋਰਟ ਨੇ ਝਾੜ ਪਾਈ: ਸਾਹ ਘੁਟ ਕੇ ਮਾਰਨ ਨਾਲੋਂ ਚੰਗਾ ਹੈ ਕਿ ਸਭ ਨੂੰ ਬਾਰੂਦ ਨਾਲ ਉਡਾ ਦਿਓ

ਨਵੀਂ ਦਿੱਲੀ, 25 ਨਵੰਬਰ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਪ੍ਰਦੂਸ਼ਣ ਮੁੱਦੇ ਤੋਂ ਕੇਂਦਰ ਸਰਕਾਰ ਤੇ ਦਿੱਲੀ ਸਰਕਾਰ ਦੋਵਾਂ ਨੂੰ ਸਖਤ ਫਿਟਕਾਰ ਪਾਈ ਹੈ। ਕੋਰਟ ਨੇ ਇਸ ਦਾ ਖੁਦ ਨੋਟਿਸ ਲੈਂਦੇ ਹੋਏ ਕਿਹਾ ਕਿ ਰਾਜਧਾਨੀ ਦਿੱਲੀ ਦੀ ਹਾਲਤ ਨਰਕ ਤੋਂ ਖਰਾਬ ਹੈ, ਲੋਕਾਂ ਨੂੰ ਇਸੇ ਤਰ੍ਹਾਂ ਮਰਨ ਲਈ ਨਹੀਂ ਛੱਡਿਆ ਜਾ ਸਕਦਾ, ਦਮ ਘੁੱਟ ਕੇ ਮਾਰਨ ਨਾਲੋਂ ਚੰਗਾ ਹੈ, ਸਾਰਿਆਂ ਨੂੰ ਇਕੱਠੇ ਬਾਰੂਦ ਨਾਲ ਉਡਾ ਦਿੱਤਾ ਜਾਵੇ। ਵਰਨਣ ਯੋਗ ਹੈ ਕਿ ਇੱਕ ਵਿਭਾਗ ਨੇ ਰਿਪੋਰਟ ਦਿੱਤੀ ਸੀ ਕਿ ਦੇਸ਼ ਵਿੱਚ ਸਭ ਤੋਂ ਵੱਧ ਪ੍ਰਦੂਸ਼ਤਪਾਣੀ ਰਾਜਧਾਨੀ ਦਿੱਲੀ ਦਾ ਹੈ ਅਤੇ ਇਹ ਪੀਣ ਯੋਗ ਨਹੀਂ। ਬਾਅਦ ਵਿੱਚ ਇਸ ਮੁੱਦੇ ਤੋਂ ਕੇਂਦਰ ਅਤੇ ਰਾਜ ਸਰਕਾਰ ਵਿਚਾਲੇ ਇਕ-ਦੂਜੇ ਉੱਤੇ ਦੋਸ਼ ਲਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ।

ਇਸ ਬਾਰੇ ਕੌੜੀ ਟਿਪਣੀ ਕਰਦੇ ਹੋਏ ਸੁਪਰੀਮ ਕੋਰਟ ਨੇ ਸਾਲਿਸਟਰ ਜਨਰਲ ਤੁਸ਼ਾਰ ਮੇਹਤਾ ਨੂੰ ਕਿਹਾ, 'ਲੋਕਾਂ ਨੂੰ ਗੈਸ ਚੈਂਬਰ ਵਿੱਚ ਰਹਿਣ ਨੂੰਕਿਉਂ ਮਜ਼ਬੂਰ ਕੀਤਾ ਜਾ ਰਿਹਾ ਹੈ? ਇਸ ਤੋਂ ਚੰਗਾ ਹੈ ਕਿ ਲੋਕਾਂ ਨੂੰ ਇਕੱਠੇ ਮਾਰ ਦਿੱਤਾ ਜਾਵੇ। 15 ਬੋਰਿਆਂ ਵਿੱਚ ਬਾਰੂਦ ਲੈ ਆਓ ਅਤੇ ਉਡਾ ਦਿਓ ਸਭ ਨੂੰ। ਲੋਕਾਂ ਨੂੰ ਇਸ ਤਰ੍ਹਾਂ ਕਿਉਂ ਘੁਟ ਕੇ ਮਰਨਾ ਪਵੇ? ਜਿਸ ਤਰ੍ਹਾਂ ਇੱਥੇ ਬਲੇਮ ਗੇਮ ਚੱਲ ਰਹੀ ਹੈ, ਮੈਨੂੰ ਹੈਰਾਨੀ ਹੈ।'



ਸੁਪਰੀਮ ਕੋਰਟ ਪ੍ਰਦੂਸ਼ਣ ਦੇ ਮੁੱਦੇ ਉੱਤੇਸੈਂਟਰਲਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਨੂੰ ਦਿੱਲੀ ਵਿਚਲੀਆਂ ਫੈਕਟਰੀਆਂ ਦੀ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ, ਜਿਸ ਵਿੱਚ ਇਸ ਦੇ ਮਾੜੇ ਪ੍ਰਭਾਵ ਦਾ ਵੇਰਵਾ ਹੋਵੇਗਾ। ਜਸਟਿਸ ਅਰੁਣ ਮਿਸ਼ਰਾ ਦੀ ਪ੍ਰਧਾਨਗੀ ਵਾਲੀ ਬੈਂਚ ਨੇ ਸੀ ਪੀ ਸੀ ਬੀਨੂੰ ਦਿੱਲੀ ਦੀਆਂ ਫੈਕਟਰੀਆਂ ਉੱਤੇ ਰਿਪੋਰਟ ਦੇਣ ਨੂੰ ਕਿਹਾ ਹੈ। ਕੋਰਟ ਨੇ ਹਰਿਆਣਾ ਸਰਕਾਰ ਨੂੰ ਵੀ ਪੁੱਛਿਆ ਕਿ ਪਰਾਲੀ ਸਾੜਨ ਦੇ ਕੇਸ ਕਿਵੇਂ ਵਧ ਗਏ। ਕੋਰਟ ਨੇ ਕਿਹਾ, ਤੁਸੀਂ ਪਰਾਲੀ ਸਾੜਨ ਨੂੰ ਰੋਕਣ ਲਈ ਚੰਗਾ ਕੰਮ ਕੀਤਾ ਤਾਂ ਕੇਸ ਵਧ ਕਿਵੇਂ ਗਏ? ਪੰਜਾਬ ਅਤੇ ਹਰਿਆਣਾ ਦੋਵੇਂ ਹੀ ਸਰਕਾਰਾਂ ਕੁਝ ਨਹੀਂ ਕਰ ਰਹੀਆਂ।

# ਤਿੰਨ ਪਾਰਟੀਆਂ ਦੇ ਵਿਧਾਇਕਾਂ ਨੇ ਉਧਵ, ਸ਼ਰਦ ਅਤੇ ਸੋਨੀਆ ਦੀ ਵਫਾਦਾਰੀ ਦੀ ਸਹੁੰ ਚੁੱਕੀ

ਮੁੰਬਈ, 25 ਨਵੰਬਰ, (ਪੋਸਟ ਬਿਊਰੋ)- ਸ਼ਿਵ ਸੈਨਾ ਦੇ ਪਾਰਲੀਮੈਂਟ ਮੈਂਬਰ ਸੰਜੇ ਰਾਉਤ ਨੇ ਟਵੀਟ ਕਰ ਕੇ ਕਿਹਾ ਹੈ ਕਿ ਅਸੀਂ ਸਾਰੇ ਇਕੱਠੇ ਹਾਂ। ਹੋਟਲ ਗਰੈਂਡ ਹਯਾਤ ਵਿੱਚ ਅੱਜ ਸ਼ਾਮ 7 ਵਜੇ ਸਾਡੇ 162 ਵਿਧਾਇਕਾਂ ਨੂੰ ਪਹਿਲੀ ਵਾਰ ਇਕੱਠੇ ਦੇਖੋ। ਸੰਜੇ ਰਾਉਤ ਨੇ ਆਪਣੇ ਟਵੀਟ ਨੂੰ ਮਹਾਰਾਸ਼ਟਰ ਦੇ ਗਵਰਨਰ ਨੂੰ ਵੀ ਟੈਗ ਕੀਤਾ ਹੈ।

ਜਾਣਕਾਰ ਸੂਤਰਾਂ ਮੁਤਾਬਕ ਏਥੇ ਆਏ ਸਾਰੇ ਵਿਧਾਇਕਾਂ ਦਾ ਇਕੱਠੇ ਫੋਟੋ ਸੈਸ਼ਨ ਵੀ ਹੋਇਆ। ਇਸ ਮੌਕੇ ਐੱਨ ਸੀ ਪੀਦੇ ਪ੍ਰਧਾਨ ਸ਼ਰਦ ਪਵਾਰ ਹੋਟਲ ਗਰੈਂਡ ਹਯਾਤ ਪਹੁੰਚੇ ਤਾਂ ਸਭ ਤੋਂ ਪਹਿਲਾਂ ਸ਼ਿਵ ਸੈਨਾ ਦੇ ਵਿਧਾਇਕ ਬੱਸਾਂ ਵਿੱਚ ਸਵਾਰ ਹੋ ਕੇ ਇਸ ਹੋਟਲ ਪਹੁੰਚੇ।ਕਾਂਗਰਸ ਆਗੂ ਮੱਲਿਕਾਰਜੁਨ ਖੜਗੇ, ਅਸ਼ੋਕ ਚਵਾਨ, ਬਾਲਾ ਸਾਹਿਬ ਥਾਰੋਟ ਵੀ ਇਸ ਹੋਟਲ ਵਿੱਚ ਮੌਜੂਦ ਸਨ ਅਤੇ ਸ਼ਿਵ ਸੈਨਾਦੇ ਮੁਖੀ ਉਧਵ ਠਾਕਰੇ ਅਤੇ ਆਦਿਤਿਆ ਠਾਕਰੇ ਵੀ ਸਨ। ਹੋਟਲ ਵਿੱਚ ਸ਼ਿਵ ਸੈਨਾ, ਐੱਨ ਸੀ ਪੀਅਤੇ ਕਾਂਗਰਸ ਦੇ ਸਮਰਥਨ ਵਿੱਚ ਨਾਅਰੇਬਾਜੀ ਕੀਤੀ ਜਾ ਰਹੀ ਸੀ।


ਇਸ ਪਿੱਛੋਂਸ਼ਿਵ ਸੈਨਾ, ਐੱਨ ਸੀ ਪੀਅਤੇ ਕਾਂਗਰਸ ਦੇ ਨੇਤਾਵਾਂ ਦੀ ਹਾਜ਼ਰੀ ਵਿੱਚ 162 ਵਿਧਾਇਕਾਂ ਨੇ ਵਿਧਾਨ ਸਭਾ ਵਿੱਚ ਇਕੱਠੇ ਰਹਿਣ ਦੀ ਸਹੁੰ ਚੁੱਕੀ। ਇਨ੍ਹਾਂ ਵਿਧਾਇਕਾਂ ਨੂੰ ਉਧਵ ਠਾਕਰੇ, ਸ਼ਰਦ ਪਵਾਰ ਤੇ ਸੋਨੀਆ ਗਾਂਧੀ ਦਾ ਨਾਂ ਲੈ ਕੇ ਬਦਨਾਮੀ ਵਾਲਾ ਕੋਈ ਕੰਮ ਨਾ ਕਰਨ, ਭਾਜਪਾ ਦਾ ਸਮਰਥਨ ਨਾ ਕਰਨ ਦੀ ਸਹੁੰ ਚੁਕਾਈ ਗਈ। ਇਸ ਮੌਕੇ ਬਾਬਾ ਸਾਹਿਬ ਅੰਬੇਡਕਰ ਅਤੇ ਛੱਤਰਪਤੀ ਸ਼ਿਵਾਜੀ ਮਹਾਰਾਜ ਦੇ ਨਾਅਰੇ ਵੀ ਲਾਏ ਗਏ।

ਮੁੰਬਈ ਦੇ ਇਸ ਹੋਟਲ ਵਿੱਚ ਵਿਧਾਇਕਾਂ ਦੀ ਪਰੇਡਦੌਰਾਨਐੱਨ ਸੀ ਪੀਦੇ ਪ੍ਰਧਾਨ ਸ਼ਰਦ ਪਵਾਰ ਨੇ ਆਪਣੇ ਭਤੀਜੇ ਅਜੀਤ ਪਵਾਰ ਉੱਤੇ ਕਾਰਵਾਈ ਕਰਨ ਦੀ ਗੱਲ ਕਹੀ ਹੈ। ਉਨ੍ਹਾਂ ਕਿਹਾ ਕਿ ਅਜੀਤ ਪਵਾਰ ਕਿਸੇ ਤਰ੍ਹਾਂ ਦਾ ਫੈਸਲਾ ਨਹੀਂ ਲੈ ਸਕਦੇ। ਨਾਲ ਉਨ੍ਹਾਂ ਕਿਹਾ ਕਿ ਸ਼ਿਵ ਸੈਨਾ, ਐੱਨ ਸੀ ਪੀ ਅਤੇ ਕਾਂਗਰਸ ਮਿਲ ਕੇ ਹਰ ਫੈਸਲਾ ਲੈਣਗੀਆਂ। ਸ਼ਰਦ ਪਵਾਰ ਨੇ ਕਿਹਾ ਕਿ ਵ੍ਹਿਪ ਨਾ ਮੰਨਣ ਵਾਲਿਆਂ ਦੇ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ।

ਹੋਟਲ ਵਿੱਚ ਸ਼ਕਤੀ ਪ੍ਰਦਰਸ਼ਨ ਵੇਲੇ ਤਿੰਨਾਂ ਪਾਰਟੀਆਂ ਦੇ ਨੇਤਾਵਾਂ ਨੂੰ ਸੰਬੋਧਤ ਕਰਦੇ ਹੋਏ ਸ਼ਰਦ ਪਵਾਰ ਨੇ ਕਿਹਾ ਕਿ ਇਹ ਗੋਆ ਜਾਂ ਮਣੀਪੁਰ ਨਹੀਂ, ਮਹਾਰਾਸ਼ਟਰ ਹੈ। ਉਨ੍ਹਾਂ ਨੇ ਅਜੀਤ ਪਵਾਰ ਉੱਤੇ ਸਭ ਨੂੰ ਗੁੰਮਰਾਹ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਅਸੀਂ ਮਹਾਰਾਸ਼ਟਰ ਦੀ ਜਨਤਾ ਲਈ ਇਥੇ ਇਕੱਠੇ ਹੋਏ ਹਾਂ। ਗਠਜੋੜ ਸਿਰਫ ਕੁਝ ਸਮੇਂ ਲਈ ਨਹੀਂ, ਲੰਬੇ ਸਮੇਂ ਲਈ ਹੈ। ਭਾਜਪਾ ਨੂੰ ਨਿਸ਼ਾਨੇ ਉੱਤੇ ਲੈਂਦੇ ਹੋਏ ਉਨ੍ਹਾਂ ਕਿਹਾ ਕਿ ਜਿਹੜੇ ਲੋਕ ਕੇਂਦਰ ਵਿੱਚ ਹਨ, ਉਨ੍ਹਾਂ ਨੇ ਇਕ ਹੋਰ ਸੂਬੇ ਵਿੱਚ ਇਹੋ ਕੰਮ ਕੀਤਾ ਸੀ। ਇਹ ਉਨ੍ਹਾਂ ਦਾ ਇਤਿਹਾਸ ਹੈ। ਉਨ੍ਹਾਂ ਨੇ ਗਲਤ ਤਰੀਕੇ ਨਾਲ ਇਹ ਸਰਕਾਰ ਬਣਾਈ ਹੈ। ਸ਼ਰਦ ਪਵਾਰ ਨੇ ਕਿਹਾ ਕਿ ਮਹਾਰਾਸ਼ਟਰਵਿੱਚ ਸਭ ਤੋਂਵੱਧ ਜਿੱਤੇ ਹੋਏ ਵਿਧਾਇਕ ਇਥੇ ਹਨ। ਕਰਨਾਟਕ, ਗੋਆ, ਮਣੀਪੁਰ ਵਿੱਚ ਬਹੁਮਤ ਨਾ ਹੁੰਦੇ ਹੋਏ ਵੀ ਇਨ੍ਹਾਂ ਨੇ ਤਾਕਤ ਦੀ ਦੁਰਵਰਤੋਂ ਕਰ ਸਰਕਾਰ ਬਣਾਈ ਸੀ, ਪਰ ਦੇਸ਼ ਦਾ ਇਤਿਹਾਸ ਬਦਲੇਗਾ ਅਤੇ ਇਸ ਦੀ ਸ਼ੁਰੂਆਤ ਮਹਾਰਾਸ਼ਟਰ ਤੋਂ ਹੋਵੇਗੀ।

# ਮੰਤਰੀ ਰੰਧਾਵਾ ਦਾ ਪਲਟ-ਵਾਰ: ਸੁਖਬੀਰ ਬਾਦਲ ਤੇ ਮਜੀਠੀਆ ਦੀਆਂ ਗੈਂਗਸਟਰਾਂ ਨਾਲ ਫੋਟੋ ਜਾਰੀ ਕੀਤੀਆਂ

### * ਪੱਗ ਮੇਰੀ ਨਹੀਂ, ਇੱਕ ਅਕਾਲੀ ਮੰਤਰੀ ਦੀ ਲੱਥੀ ਸੀ : ਰੰਧਾਵਾ









ਚੰਡੀਗੜ੍ਹ, 25 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਜੇਲ੍ਹਾਂ ਬਾਰੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਗੈਂਗਸਟਰਾਂ ਦੇ ਨਾਲ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਸਬੰਧਾਂ ਦੇਫੋਟੋਜਾਰੀ ਕਰ ਕੇ ਬਿਕਰਮ ਸਿੰਘ ਮਜੀਠੀਆ ਵੱਲੋਂ ਲਾਏ ਦੋਸ਼ਾਂ ਉੱਤੇ ਪਲਟਵਾਰ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਗੈਂਗਸਟਰਾਂ ਨਾਲ ਸਬੰਧਾਂ ਬਾਰੇ ਉਹ ਹਾਈ ਕੋਰਟ ਦੇ ਜੱਜ ਤੋਂ ਜਾਂਚ ਕਰਾਉਣ ਨੂੰ ਤਿਆਰ ਹਨ, ਇਸ ਬਾਰੇ ਬਿਕਰਮ ਸਿੰਘ ਮਜੀਠੀਆ ਵੀ ਜਾਂਚਲਈ ਤਿਆਰ ਹੋਣ। ਉਨ੍ਹਾਂ ਕਿਹਾ ਕਿ ਜੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਭਾਰਤ ਦੇ ਸਾਬਕਾ ਖਜ਼ਾਨਾ ਮੰਤਰੀ ਪੀ. ਚਿੰਦਬਰਮ ਨੂੰ ਗ੍ਰਿਫਤਾਰ ਕਰ ਸਕਦੀ ਹੈ ਤਾਂ ਜਗਦੀਸ਼ ਭੋਲਾ ਦੇ ਲਾਏ ਦੋਸ਼ਾਂ ਵਿੱਚ ਅਕਾਲੀ ਆਗੂ ਮਜੀਠੀਆ ਨੂੰ ਗ੍ਰਿਫਤਾਰ ਕਿਉਂਨਹੀਂ ਕਰਦੀ, ਉਸ ਨੂੰ ਕੌਣ ਬਚਾ ਰਿਹਾ ਹੈ। ਅੱਜ ਏਥੇ ਪੰਜਾਬ ਕਾਂਗਰਸ ਭਵਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਕਾਂਗਰਸ ਦੇ ਅੱਧੀ ਦਰਜਨ ਵਿਧਾਇਕਾਂ ਨੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਵਿਰੁੱਧ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਲਾਏ ਦੋਸ਼ ਮੁੱਢੋਂ ਰੱਦ ਕਰ ਕੇਉਲਟੇ ਦੋਸ਼ ਲਾਏ ਤੇ ਮਜੀਠੀਆ ਨੂੰ ਗੈਂਗਸਟਰ ਕਲਚਰ ਅਤੇ ਡਰੱਗ ਕਾਰੋਬਾਰ ਦਾ ਪਿਤਾਮਾ ਕਿਹਾ।ਉਨ੍ਹਾਂ ਇਹ ਵੀ ਕਿਹਾ ਕਿ ਜਿਸ ਅਕਾਲੀ ਆਗੂ ਉੱਤੇਡਰੱਗ ਤਸਕਰ ਜਗਦੀਸ਼ ਭੋਲਾ ਨੇ ਸ਼ਰੇਆਮ 6000 ਕਰੋੜ ਰੁਪਏ ਦੇ ਡਰੱਗ ਧੰਦੇ ਨਾਲ ਜੁੜੇ ਹੋਣ ਦੇ ਦੋਸ਼ ਲਾਏ ਸਨ, ਅੱਜ ਉਹ ਕਿਸ ਮੂੰਹ ਨਾਲ ਹਾਲ-ਦੁਹਾਈ ਪਾ ਰਿਹਾ ਹੈ। ਮਜੀਠੀਆ ਨੂੰ ਚੁਣੌਤੀ ਦਿੰਦੇ ਹੋਏ ਸੁਖਜਿੰਦਰ ਸਿੰਘਰੰਧਾਵਾ ਨੇ ਕਿਹਾ ਕਿ ਉਹ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਜਾਂਚ ਕਰਾਉਣ ਲਈ ਚੀਫ ਜਸਟਿਸ ਕੋਲ ਜਾਣ ਨੂੰ ਤਿਆਰ ਹਨ ਅਤੇਬਿਕਰਮ ਸਿੰਘ ਮਜੀਠੀਆ ਵੀ ਆਪਣੇ ਉੱਤੇ ਲੱਗੇ ਡਰੱਗ ਵਾਲੇ ਧੰਦੇ ਦੇ ਗੈਂਗਸਟਰਾਂ ਦੀ ਸਰਪ੍ਰਸਤੀ ਕਰਨ ਦੇ ਦੋਸ਼ਾਂ ਦੀ ਜਾਂਚ ਕਰਾਉਣ ਲਈ ਨਾਲ ਚੱਲੇ।

ਮੰਤਰੀ ਦੇ ਨਾਲ ਬੈਠੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਲੋਕਾਂ ਵਿਚ ਸਿਆਸੀ ਸਾਖ ਗਵਾ ਚੁੱਕਣ ਪਿੱਛੋਂ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਵਰਕਰਾਂ ਦੇ ਸਿਵਿਆਂ ਉੱਤੇ ਸਿਆਸੀ ਰੋਟੀਆਂ ਸੇਕਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਰਾਜ ਵਿਚ ਪਹਿਲੀ ਵਾਰ ਪੰਜਾਬ ਵਿੱਚ ਗੈਂਗਸਟਰ ਸ਼ਬਦ ਸੁਣਨ ਨੂੰ ਮਿਲਿਆ ਸੀ, ਜਿਨ੍ਹਾਂ ਦੀ ਸਰਪ੍ਰਸਤੀ ਬਿਕਰਮ ਸਿੰਘ ਮਜੀਠੀਆ ਵੱਲੋਂ ਕੀਤੀ ਜਾਂਦੀ ਸੀ। ਮੰਤਰੀ ਰੰਧਾਵਾ ਨੇ ਫੋਟੋ ਵਿਖਾ ਕੇ ਦੱਸਿਆ ਕਿ ਜੇਲ੍ਹ ਵਿਚ ਬੰਦ ਜਿਸਜੱਗੂ ਭਗਵਾਨਪੁਰੀਆ ਗੈਂਗਸਟਰ ਨਾਲ ਮੇਰੇ ਮਿਲੇ ਹੋਣ ਦੇ ਦੋਸ਼ ਲਾਏ ਗਏ ਹਨ, ਉਹ ਸਭ ਤੋਂ ਵੱਧ ਮਜੀਠੀਆ ਦੇ ਹਲਕੇ ਵਿਚ ਸਰਗਰਮ ਰਿਹਾ ਹੈ। ਉਨ੍ਹਾਂਕਿਹਾ ਕਿ ਇਸ ਗੈਂਗਸਟਰ ਉੱਤੇ 44 ਕੇਸ ਹਨ, ਜਿਨ੍ਹਾਂ ਵਿਚੋਂ 29 ਕੇਸ ਮਜੀਠੀਆ ਦੇ ਚੋਣ ਹਲਕੇ ਤੇ ਪੁਲਸ ਦੇ ਅੰਮ੍ਰਿਤਸਰ (ਦਿਹਾਤੀ) ਜ਼ਿਲੇ ਦੇ ਹਨ।ਉਨ੍ਹਾਂ ਕਿਹਾ ਕਿ ਜੱਗੂ ਦਾ ਭਰਾ ਮਨਦੀਪ ਮੰਨੂੰ ਪਿਛਲੀ ਅਕਾਲੀ ਸਰਕਾਰ ਵੇਲੇਹੀ ਵਿਦੇਸ਼ ਨੂੰ ਦੌੜਿਆ ਸੀ, ਜਿਸ ਉੱਤੇ ਕਈ ਕੇਸ ਦਰਜ ਸਨ। ਨਾਮੀ ਗੈਂਗਸਟਰਾਂ ਦੀਆਂ ਅਕਾਲੀ ਆਗੂਆਂ ਅਤੇ ਖਾਸ ਕਰਕੇ ਮਜੀਠੀਆ ਨਾਲ ਸਾਂਝ ਦੀਆਂ ਫੋਟੋ ਵਿਖਾ ਕੇ ਮੰਤਰੀਰੰਧਾਵਾ ਨੇ ਕਿਹਾ ਕਿ ਪੈਰੋਲ ਉੱਤੇਛੁੱਟਿਆ ਪੰਮਾ ਸੁਲਤਾਨਵਿੰਡ, ਹਾਈ ਸਕਿਓਰਿਟੀ ਜੇਲ੍ਹ ਨਾਭਾ ਵਿਚ ਬੰਦ ਗੋਲੀ ਗੋਪੀ, ਦਿਲਬਾਗ ਲੰਮਾ ਪੱਟੀ (ਵਿਸ਼ੂ ਗੈਂਗ), ਸੋਨੂੰ ਕੰਗਲਾਵੱਲੋਂ ਖੁੱਲ੍ਹੇ ਤੌਰ ਉੱਤੇ ਮਜੀਠੀਆ ਅਤੇ ਹੋਰ ਅਕਾਲੀ ਆਗੂਆਂ ਅਤੇ ਖਾਸ ਕਰ ਕੇ ਮਜੀਠੀਆ ਦੇ ਪੀਏ ਤਲਬੀਰ ਸਿੰਘ ਨਾਲ ਮੇਲ ਮਿਲਾਪ ਕੀਤਾ ਜਾਂਦਾ ਰਿਹਾ ਹੈ। ਕਾਂਗਰਸੀ ਆਗੂਆਂ ਨੇ ਕਿਹਾ ਕਿ ਉਹ ਅਕਾਲੀ ਵਰਕਰ ਦੇ ਕਤਲ ਦੀ ਨਿੰਦਾ ਕਰਦੇ ਹਨ ਅਤੇ ਇਸ ਕੇਸ ਦੀ ਡੂੰਘਾਈ ਵਿਚ ਜਾਂਚ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਮੰਗ ਕਰਦੇ ਹਨ, ਪਰ ਇਸ ਤੋਂ ਕਿਸੇ ਪਾਰਟੀ ਨੂੰ ਸਿਆਸੀ ਰੋਟੀਆਂ ਸੇਕਣ ਦੀ ਆਗਿਆ ਨਹੀਂ ਦੇਣਗੇ।

ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਗੈਂਗਸਟਰ ਜੱਗੂ ਭਗਵਾਨਪੁਰੀਆ ਤੇ ਉਸ ਦੇ ਸਾਥੀਆਂ ਵੱਲੋਂ ਜੇਲ੍ਹ ਵਿਚੋਂ ਚਲਾਏ ਜਾਂਦੇ 1000 ਕਰੋੜ ਰੁਪਏ ਦੇ ਫਿਰੌਤੀ ਰੈਕੇਟ ਦੀ ਜਾਂਚ ਕੇਂਦਰੀ ਏਜੰਸੀ ਜਾਂ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਕਰਾਉਣ ਦੀ ਮੰਗ ਕੀਤੀ ਸੀ। ਉਨ੍ਹਾਂ ਨੇ ਮੰਗ ਕੀਤੀ ਸੀ ਕਿ ਸਾਬਕਾ ਅਕਾਲੀ ਸਰਪੰਚ ਦਲਬੀਰ ਸਿੰਘ ਢਿੱਲਵਾਂ ਦੇ ਕਾਤਲ ਕਾਂਗਰਸੀਆਂ ਦੀ ਸਰਪ੍ਰਸਤੀ ਕਰਦੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਖ਼ਿਲਾਫ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕੀਤਾ ਜਾਵੇ ਤੇ ਇਸ ਕਤਲ ਵਿਚ ਜੱਗੂ ਭਗਵਾਨਪੁਰੀਆ ਦੀ ਭੂਮਿਕਾ ਅਤੇ ਜੱਗੂ ਵੱਲੋਂ ਜੇਲ੍ਹ ਵਿਚੋਂ ਚਲਾਏ ਜਾਂਦੇ ਫਿਰੌਤੀ ਰੈਕੇਟ ਦੀ ਜਾਂਚ ਕਰਵਾਈ ਜਾਵੇ।

# ਨਵਾਜ਼ ਨੂੰ ਇਲਾਜ ਲਈ ਵਿਦੇਸ਼ ਭੇਜਣ ਪਿੱਛੋਂ ਸਰਕਾਰ ਤੇ ਨਿਆਂ ਪਾਲਿਕਾ ਦੇ ਮਤਭੇਦ ਵਧੇ

ਇਸਲਾਮਾਬਾਦ, 25 ਨਵੰਬਰ (ਪੋਸਟ ਬਿਊਰੋ)- ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਉਸ ਦੀ ਖਰਾਬ ਸਿਹਤ ਦੇ ਕਾਰਨ ਵਿਦੇਸ਼ ਜਾਣ ਦੀ ਆਗਿਆ ਦੇਣ ਦੇ ਮਾਮਲੇ ਤੋਂ ਪਾਕਿਸਤਾਨ 'ਚ ਸਰਕਾਰ ਅਤੇ ਨਿਆਂ ਪਾਲਿਕਾ ਦੇ ਮਤਭੇਦ ਪੈਦਾ ਹੋ ਗਏ ਹਨ। ਇਸ ਮੁੱਦੇ ਬਾਰੇ ਪਾਕਿਸਤਾਨ ਦੇ ਚੀਫ ਜਸਟਿਸ ਆਸੀਫ ਸਈਦ ਖੋਸਾ ਨੇ ਕੱਲ੍ਹ ਕਿਹਾ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਖੁਦ ਇਹ ਫੈਸਲਾ ਲੈ ਸਕਦੇ ਹਨ। ਨਿਆਂਪਾਲਿਕਾ ਕੋਲ ਫੈਸਲਾ ਲੈਣ ਦਾ ਅਧਿਕਾਰ ਨਹੀਂ ਹੈ। ਇਸ ਮੌਕੇ ਚੀਫ ਜਸਟਿਸ ਸਈਦ ਖੋਸਾ ਨੇ ਇਮਰਾਨ ਖਾਨ ਨੂੰ ਅਦਾਲਤ ਵਿਰੁੱਧ ਟਿੱਪਣੀਆਂ ਕਰਨ ਲਈ ਝਾੜਿਆ ਤੇ ਕਿਹਾ ਕਿ ਉਨ੍ਹਾਂ ਨੂੰ ਬਿਆਨ ਦਿੰਦੇ ਸਮੇਂ ਚੌਕਸ ਰਹਿਣਾ ਚਾਹੀਦਾ ਸੀ। ਵਰਣਨ ਯੋਗ ਹੈ ਕਿ ਇਮਰਾਨ ਖਾਨ ਨੇ ਨਵਾਜ਼ ਸ਼ਰੀਫ ਨੂੰ ਇਲਾਜ ਲਈ ਲੰਡਨ ਭੇਜਣ ਦੀ ਆਗਿਆ ਦੇਣ ਸਮੇਂ ਕਿਹਾ ਸੀ ਕਿ ਇਸ ਦੇ ਲਈ ਵੱਖਰੇ ਕਾਨੂੰਨ ਹਨ। ਚੀਫ ਜਸਟਿਸ ਨੂੰ ਇਸ ਬਾਰੇ ਨਿਆਂ ਭਰਪੂਰ ਫੈਸਲਾ ਲੈਣਾ ਚਾਹੀਦਾ ਹੈ। ਇਸਲਾਮਾਬਾਦ 'ਚ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਖੋਸਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਨਿਆਂ ਪਾਲਿਕਾ 'ਚ ਦਖਲ ਨਹੀਂ ਦੇਣਾ ਚਾਹੀਦਾ ਅਤੇ ਅਦਾਲਤ ਨੂੰ ਤਾਕਤਵਰ ਵੀ ਨਹੀਂ ਕਹਿਣਾ ਚਾਹੀਦਾ। ਤਾਕਤਵਰ ਦੀ ਗੱਲ ਕਹਿ ਕੇ ਸਾਨੂੰ ਤਾਅਨੇ ਨਹੀਂ ਦੇਣੇ ਚਾਹੀਦੇ। ਇਮ-ਰਾਨ ਖਾਨ ਨੂੰ ਅਜਿਹੇ ਬਿਆਨ ਦੇਣ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਉਹ ਸਰਕਾਰ ਦੇ ਮੁਖੀ ਹਨ। ਜ਼ਿਕਾਰ ਯੋਗ ਹੈ ਕਿ ਸਰਕਾਰ ਨੇ 700 ਕਰੋੜ ਦੇ ਬਾਂਡ ਭਰਨ ਦੀ ਸ਼ਰਤ ਨੂੰ ਲਾਂਭੇ ਕਰਦੇ ਹੋਏ ਨਵਾਜ਼ ਸ਼ਰੀਫ ਨੂੰ ਵਿਦੇਸ਼ ਜਾਣ ਦੀ ਆਗਿਆ ਦਿੱਤੀ ਸੀ, ਜਿਸ ਕਾਰਨ ਸਰਕਾਰ ਅਤੇ ਨਿਆਂ ਪਾਲਿਕਾ ਦੇ ਮਤਭੇਦ ਸਾਹਮਣੇ ਆ ਗਏ ਸਨ।

"Quality is our strength."

SKYDOME GROUP OF COMPANIES

WE DEAL WITH ALL INSURANCE COMPANIES

MINISTRY APPROVED SALVAGE INSPECTION STATION

Body Centre
Specializing in:
• Collision • Custom Painting
• Mechanical Service
• Frame & Unibody Repair
• Insurance Claims Welcome

Inderjit Singh

Daljit Singh
President

308 Rutherford Road Brampton
905-874-9878

Skydome Emission & Allignment Centre Inc.
210 Rutherford Rd., Brampton
905-450-9878

WE SELL QUALITY USED CARS

STAFFORD TRUCK CENTRE
30 Stafford Dr., Brampton, Tel: 905-460-1414

HEAD OFFICE: 905-874-9878
Tol Free: 1-877-799-9878, www.skydomeauto.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*

Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

**South Dundas $299,000**
23 Plaza Dr: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As Lcbo, Rbc Bank, Circle K, Foodland & More.

**COBOURG $349,000**
Durham/King : 3 Bedroom Semi In The Heart Of Downtown Cobourg, Very Close To The Lake And Downtown. Clean Property With Private Driveway And Nice Size Backyard. Move In Ready.

**MISSISSAUGA $399,000**
Photo Not Available
777 Dundas St W: Well Established Franchise Opportunity For Automotive Business In Mississauga, 10 Years At Same Location, Sales Are 1.2M Per Year, Great Net Profits, 5 Bays,6 Hoist,, Long Term Lease, Upto 25 Car Parking, Ideal For Car Sales.

**SHELBURNE $399,999**
Centre/Jelly: This Beautifully Renovated Home Comes With 5 Bedrooms And 2 And 1/2 Half Bathroom. Finished Basement Come With Electric Water Heater As Well As A Gas Line That You Can Connect If You Need The Extra Heat. Laminated Flooring Throughout The House Except For The Stairs Going Up.

**TORONTO $435,000**
Kingston/Guildwood: Open Concept 2 Bedroom And 2 Bath Bright And Spacious Unit With Fabulous Floor To Ceiling Windows, Convenient Ensuite Laundry, Gym, Indoor Pool, Sauna, Party Room, Security. Guildwood Go Station Nearby.Steps To Conservation Area Trail.

**BRAMPTON $459,000**
7800 Hurontario : Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure.High Density Traffic Flow Daily.

**BRANTFORD $499,000**
639 Colborne St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

**VAUGHAN $643,000**
Jane St & Hwy 7: Assignment Sale In Nord & West Condos, 851 Sq Ft With One Locker & One Parking. 1 Minute Walk To New Vaughan Subway Station, 5 Mins To York University.

**BRAMPTON $649,000**
Photo Not Available
Bruce Beer & Williams Pkwy: Fabulous Detach Backsplit 5 Level, Fully Renovated Top-To-Bottom. This Home Offers 3 Huge Sized Bedrooms, Fully Upgraded Kitchen, Big Size Living/Dining/Family Room. Brand New Appliances, Finished Basement, Fully Landscaped, Close To All amenities.

**BRAMPTON $655,000**
Bovaird/ Heart Lake : Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite.

**OSHAWA $659,000**
Photo Not Available
Simcoe St/Highway 407 : Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407, U Of O Durham College, Public Transit

**TORONTO $899,900**
Kennedy & Kingston: Attention Builders, Renovators & Contractors! Finish To Your Taste! Includes Full Set Of Building Plans & Approved Building Permit For Immediate Development Of A Stunning 2100 Sq Ft Home+Garage, Open Concept Main Floor W/10 Ft Ceilings, 4 Bedroom, 4 Baths.

**BRAMPTON $899,900**
Edenbrook Hill/Sandalwood Pkwy: This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble Backsplash. Finished Basement Apartments.

**Mississauga $1,995,000**
Qew And Hurontario:Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home .

**TORONTO $2,249,000**
Glencairn And Bathurst: A Custom Built 3,300 Sqft Home 4+2 Bdrms Meticulously Maintained. Steps To Ttc/Subway, All Amenities. Nestled In A Prime Pocket Of Toronto's Upper End Homes. Spacious Main Flr W/ 10 Ft Ceilings, 9 Ft Ceilings On Top Flr,

**TORONTO $3,537,500**
2010 Kipling Ave: Coin Car Wash Built In 2009, Modern 8 Bays. Prime Location, High Traffic Area, Near Ttc & Main Major Highways. Large Lot 24,408 Sq Ft. Coin Car Wash Cash Business On Developed Land.Central Location With Neighbors.

*Canadian punjabi post assumes no responsibility for the accuracy of any information shown. Copyright Ppost 2019

# ਪੰਜਾਬ ਦੀ ਬੇਟੀ ਨੇ ਪੂਰੇ ਕੈਨੇਡਾ ਦਾ ਮਨੁੱਖੀ ਅੰਗ ਬਣਾਉਣ ਦੀ ਮੁੱਢਲੀ ਕਾਢ ਵਿਚ ਸਰਵ ਉੱਤਮ ਐਵਾਰਡ ਹਾਸਿਲ ਕੀਤਾ

ਕਰਤਾਰਪੁਰ (ਜ਼ਿਲਾ ਜਲੰਧਰ) ਦੀ ਜੰਮਪਲ ਅਤੇ ਪਿੰਡ ਨਾਥਪੁਰਾ ( ਜ਼ਿਲਾ ਬਠਿੰਡਾ) ਦੀ ਨੂੰਹ ਡਾਕਟਰ ਨਵਰੂਪ ਕੌਰ ਧਾਲੀਵਾਲ ਜਿਸਨੇ ਕੈਨੇਡਾ ਵਿਚ ਯੂਨੀਵਰਸਿਟੀ ਓਫ ਟਾਰਾਂਟੋ ਤੋਂ ਸੈੱਲ ਅਤੇ ਸਿਸਟਮਸ ਬਾਇਓਲੋਜੀ ਵਿਚ PhD ਦੀ ਡਿਗਰੀ ਹਾਸਿਲ ਕਰਕੇ ਅਤੇ ਪੂਰੇ ਕੈਨੇਡਾ ਵਿਚੋਂ ਸਰਵ ਉੱਚਤਮ ਰਿਸੇਰਚ ਐਵਾਰਡ ਲੈਕੇ ਆਪਣੇ ਮਾਂ ਬਾਪ, ਸਹੁਰੇ ਘਰ ਦਾ ਅਤੇ ਪੰਜਾਬ ਸਮੇਤ ਦੇਸ਼ ਦਾ ਨਾਮ ਉੱਚਾ ਕੀਤਾ ਹੈ ਇਹ ਸਾਡੇ ਸਭ ਵਾਸਤੇ ਬਹੁਤ ਫ਼ਖ਼ਰ ਵਾਲੀ ਗੱਲ ਹੈ ਇਸ ਬੇਟੀ ਨੇ ਹਰ ਲੈਵਲ ਤੇ ਟਾਪ ਆ ਕੇ ਆਪਣਾ ਰਿਕਾਰਡ ਕਾਇਮ ਕੀਤਾ ਹੈ ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸਕੂਲ ਕਰਤਾਰਪੁਰ ਵਿਚ ਆਪਣਾ ਰਿਕਾਰਡ ਕਾਇਮ ਕਰਨ ਤੋਂ ਬਾਅਦ ਇਸਨੇ ਬੇਂਗਲੋਰ ਯੂਨੀਵਰਸਿਟੀ ਅਤੇ



ਯੂਨੀਵਰਸਿਟੀ ਓਫ ਨਿਊ ਹੇਵਨ, CT(USA ) ਤੋਂ ਟਾਪ ਕਰਦੇ ਹੋਏ ਡਿਗਰੀਆਂ ਹਾਸਿਲ ਕੀਤੀਆਂ ਇਸਤੋਂ ਇਲਾਵਾ ਇਸ ਬੇਟੀ ਨੇ ਵਿਸ਼ਵ ਪੱਧਰੇ ਮੈਡੀਕਲ ਜੌਰਨਲਸ ਵਿਚ ਆਪਣੀ ਮੈਡੀਕਲ ਰੇਲਾਟੇਡ ਰੇਸੇਰਚ ਉੱਪਰ ਪੰਜ ਪੇਪਰ ਪ੍ਰਕਾਸ਼ਿਤ ਕਰਵਾਏ ਹਨ, ਜੋ ਕੇ ਕੇਵਲ ਸਰਵ ਉੱਚਤਮ ਰਿਵਿਊ ਕਮੇਟੀ ਵਲੋਂ ਡੂੰਘਾਈ ਨਾਲ ਵਾਚਣ ਤੋਂ ਬਾਦ ਹੀ ਪ੍ਰਕਾਸ਼ਿਤ ਹੋ ਸਕਦੇ ਹਨ। ਇਸ ਬੇਟੀ ਦੀ ਹਾਲ ਦੀ ਖੋਜ, ਜਿਸ ਵਿਚ ਇਸਨੇ ਸਟੈਮ ਸੈੱਲ ਤੋਂ ਕੋਈ ਵੀ ਆਰਗਨ ਬਣਾਉਣ ਵਾਲੇ ਸਪੈਸ਼ਲ ਸੈੱਲ ਬਣਾਉਣ ਦੇ ਸਬ ਤੋਂ ਪਹਿਲੇ ਕਦਮਾਂ ਤੇ ਚਾਨਣਾ ਪਾਯਾ ਹੈ ਇਸ ਖੋਜ ਨੇ ਸਟੈਮ ਸੈੱਲ ਵਿਗਿਆਨੀਆਂ ਵਿਚ ਕਾਫੀ ਚਰਚਾ ਬਟੋਰੀ ਹੈ ਜਿਸ ਦੇ ਚਲਦਿਆਂ ਇਸ ਬੇਟੀ ਨੂੰ ਕੈਨੇਡੀਅਨ ਕਾਉਂਸਿਲ ਓਫ ਯੂਨੀਵਰਸਿਟੀ ਬਾਇਓਲੋਜੀ ਚੇਅਰ ਵਲੋਂ ਬੈਸਟ ਰਿਸੇਰਚ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਇਸ ਬੇਟੀ ਨੂੰ ਅੱਗੇ ਭੀ ਜ਼ਿੰਦਗੀ ਵਿਚ ਅਜਿਹੀਆਂ ਕਾਮਯਾਬੀਆਂ ਬਖਸ਼ਦੇ ਰਹਿਣ।

# ਹਾਂਗ ਕਾਂਗ ਵਿੱਚ ਲੋਕਤੰਤਰ ਸਮਰਥਕਾਂ ਦੀ ਵੱਡੀ ਜਿੱਤ

ਹਾਂਗ ਕਾਂਗ, 25 ਨਵੰਬਰ, (ਪੋਸਟ ਬਿਊਰੋ)- ਹਾਂਗ ਕਾਂਗ ਵਿੱਚਬੀਤੇ ਐਤਵਾਰ ਨੂੰ ਹੋਈਆਂ ਲੋਕਲ ਬਾਡੀਜ਼ ਦੀਆਂ ਚੋਣਾਂ ਵਿੱਚ ਲੋਕਤੰਤਰ ਸਮਰਥਕਾਂ ਦੀ ਵੱਡੀ ਜਿੱਤ ਹੋਈ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਕਰੀਬ 90 ਫ਼ੀਸਦੀ ਸੀਟਾਂ ਉੱਤੇ ਉਨ੍ਹਾਂ ਦਾ ਕਬਜ਼ਾ ਹੋ ਗਿਆ। ਇਹ ਨਤੀਜੇ ਚੀਨ ਲਈ ਵੱਡਾ ਝਟਕਾ ਮੰਨੇ ਗਏ ਹਨ। ਇਨ੍ਹਾਂ ਨਾਲ ਹਾਂਗ ਕਾਂਗ ਦੀ ਚੀਨ ਪੱਖੀ ਸਰਕਾਰ ਨੂੰ ਇਹ ਸੰਦੇਸ਼ ਵੀ ਗਿਆ ਹੈ ਕਿ ਜਨਤਾ ਲੋਕਤੰਤਰ ਸਮਰਥਕਾਂ ਦੇ ਨਾਲ ਹੈ। ਆਪਣੀਆਂ ਮੰਗਾਂ ਉੱਤੇ ਉਹ ਚੀਨ ਦੀ ਸੱਤਾ ਵਾਲੇ ਇਸ ਸ਼ਹਿਰ ਵਿੱਚ ਬੀਤੇ ਜੂਨ ਮਹੀਨੇ ਤੋਂ ਵਿਰੋਧ ਕਰ ਰਹੇ ਹਨ।

ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੇਂਗ ਸ਼ੁਆਂਗ ਨੇ ਚੋਣ ਨਤੀਜਿਆਂ ਬਾਰੇਕਿਹਾ ਕਿ ਹਾਂਗ ਕਾਂਗ ਦੀ ਜਨਤਾ ਦਾ ਮਜ਼ਬੂਤੀ ਦਾਚੀਨ ਸਮਰਥਨ

## * ਚੀਨ ਸਮੱਰਥਕ ਲੀਡਰਸ਼ਿਪ ਦੀ ਭਾਸ਼ਾ ਬਦਲਣ ਲੱਗੀ

ਕਰਦਾ ਹੈ, ਪਰ ਹਿੰਸਾ ਅਤੇ ਗ਼ੈਰ ਕਾਨੂੰਨੀ ਕਾਰਾ ਕਰਨ ਵਾਲਿਆਂ ਨੂੰ ਸਜ਼ਾ ਦੇਣ ਵਿੱਚਹਾਂਗ ਕਾਂਗ ਦੀ ਪੁਲਿਸ ਅਤੇ ਨਿਆਂ ਪ੍ਰਣਾਲੀ ਦਾ ਵੀ ਸਮਰਥਨ ਕਰਦਾ ਹੈ।

ਸਥਾਨਕ ਮੀਡੀਆ ਦੇ ਮੁਤਾਬਕ ਰੋਸ ਮੁਜ਼ਾਹਰਿਆਂ ਦੇ ਹਿੰਸਾ ਨਾਲ ਤਨਾਅ ਭਰੇਹਾਂਗ ਕਾਂਗ ਦੀਆਂ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ 452 ਸੀਟਾਂ ਵਿੱਚੋਂ ਕਰੀਬ 90 ਫ਼ੀਸਦੀ ਸੀਟਾਂ ਲੋਕਤੰਤਰ ਸਮਰਥਕਾਂ ਨੇ ਜਿੱਤੀਆਂ ਹਨ। ਮਸਾਂ ਦਸ ਫ਼ੀਸਦੀ ਸੀਟਾਂ ਉੱਤੇ ਚੀਨ ਪੱਖੀ ਉਮੀਦਵਾਰ ਅਤੇ ਆਜ਼ਾਦ ਜਿੱਤੇ ਹਨ। ਨਤੀਜਿਆਂਪਿੱਛੋਂ ਚੀਨ ਪੱਖੀਹਾਂਗ ਕਾਂਗਦੀ ਮੁੱਖ ਕਾਰਜਕਾਰੀ ਅਫਸਰ



ਕੈਰੀ ਲਾਮ ਨੇ ਕਿਹਾ ਕਿ ਸਰਕਾਰ ਨਤੀਜੇ ਦਾ ਸਨਮਾਨ ਕਰਦੀ ਹੈ, ਪਰ ਨਾਲ ਸ਼ਾਂਤੀ ਪੂਰਨ ਸੁਰੱਖਿਆ ਤੇ ਕਾਨੂੰਨ ਬਣਾਈ ਰੱਖਣ ਦੀ ਕਾਮਨਾ ਕਰਦੀ ਹੈ। ਨਤੀਜਿਆਂ ਤੋਂ ਵੱਖ-ਵੱਖ ਅਰਥ ਕੱਢੇ ਗਏ ਹਨ, ਪਰ ਅਜਿਹੇ ਵਿਚਾਰ ਇਕ ਦੋ ਹੀ ਹਨ ਕਿ ਨਤੀਜਿਆਂ ਤੋਂ ਮੌਜੂਦਾ ਹਾਲਾਤ ਬਾਰੇ ਲੋਕਾਂ ਦੀ ਬੇਚੈਨੀ ਪ੍ਰਗਟ ਹੁੰਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਲੋਕਾਂ ਦੇ ਵਿਚਾਰਾਂ ਨੂੰ ਨਿਮਰਤਾ ਤੇ ਗੰਭੀਰਤਾ ਨਾਲ ਸੁਣੇਗੀ।

ਸਰਕਾਰ ਦੀ ਇਕ ਵੱਡੀ ਸਲਾਹਕਾਰ ਸੰਸਥਾ ਦੀ ਮੈਂਬਰ ਤੇ ਸਾਬਕਾ ਸੁਰੱਖਿਆ ਮੁਖੀ ਰੇਜਿਨਾ ਆਈਪੀ ਨੇ ਕਿਹਾ ਕਿ ਮੇਰੇ ਵਿਚਾਰ ਨਾਲ ਚੋਣ ਨਤੀਜਿਆਂ ਤੋਂ ਜ਼ਾਹਰ ਹੈ ਕਿ ਲੋਕ ਸਰਕਾਰ ਤੋਂ ਕਾਫ਼ੀ ਨਾਰਾਜ਼ ਹਨ। ਪਤਾ ਲੱਗਾ ਹੈ ਕਿ ਇਨ੍ਹਾਂ ਚੋਣਾਂ ਵਿੱਚਚੀਨ ਸਮਰਥਿਤ ਹਾਂਗ ਕਾਂਗ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ 182 ਉਮੀਦਵਾਰਾਂ ਵਿੱਚੋਂ 155 ਹਾਰ ਗਏ ਹਨ। ਸਾਲ 2015 ਦੀਆਂ ਸਥਾਨਕ ਚੋਣਾਂ ਵਿੱਚ ਲੋਕਤੰਤਰ ਸਮਰਥਕ ਧੜੇ ਦੇ ਖ਼ਾਤੇ ਵਿੱਚ ਕਰੀਬ 100 ਸੀਟਾਂ ਸਨ, ਇਸ ਵਾਰ ਹਰ ਤਰ੍ਹਾਂ ਰੋੜੇ ਅਟਕਾਏ ਜਾਣ ਦੇ ਬਾਵਜੂਦ ਲੋਕਤੰਤਰ ਪੱਖੀਆਂ ਉਮੀਦਵਾਰਾਂ ਨੂੰ ਹੋਰ ਵੱਡੀ ਜਿੱਤ ਮਿਲੀ ਹੈ।

ਹਾਂਗ ਕਾਂਗ ਦੀਆਂ 18 ਜ਼ਿਲ੍ਹਾ ਪ੍ਰੀਸ਼ਦਾਂ ਲਈ ਐਤਵਾਰ ਨੂੰ ਵੋਟਿੰਗ ਹੋਈ ਸੀ ਤੇ 74 ਲੱਖ ਵੋਟਰਾਂ ਵਿੱਚੋਂ ਕਰੀਬ 71 ਫ਼ੀਸਦੀ ਨੇ ਵੋਟਾਂ ਪਾਈਆਂ ਸਨ। ਪੂਰੇ ਹਾਂਗ ਕਾਂਗ ਵਿੱਚ ਵੋਟਿੰਗ ਦੌਰਾਨ ਕਿਸੇ ਵੱਡੀ ਗੜਬੜ ਦੀ ਖ਼ਬਰ ਨਹੀਂਸੀ ਮਿਲੀ।

# ਨਿਊਜ਼ੀਲੈਂਡ ਵਿੱਚ ਮੂੰਹੋਂ ਮੰਗੀ ਮੌਤ ਦੇ ਹੱਕ ਦਾ ਬਿੱਲ ਪਾਸ

ਆਕਲੈਂਡ, 25 ਨਵੰਬਰ (ਪੋਸਟ ਬਿਊਰੋ)- ਨਿਊਜ਼ੀਲੈਂਡ ਵਿੱਚ ਲਾਇਲਾਜ ਬਿਮਾਰੀ ਨਾਲ ਜੂਝਦੇ ਮਰੀਜ਼ਾਂ ਨੂੰ ਡਾਕਟਰ ਦੀ ਮਦਦ ਨਾਲ ਆਪਣੀ ਇੱਛਾ ਨਾਲ ਮੌਤ ਦਾ ਰਾਹ ਚੁਣਨ ਦਾ ਕਾਨੂੰਨੀ ਅਧਿਕਾਰ ਦੇਣ ਦੇ ਵਾਸਤੇ 'ਐਂਡ ਆਫ ਲਾਈਫ ਚੁਆਇਸ' ਬਿੱਲ 2017 ਪਾਰਲੀਮੈਂਟ ਵਿੱਚ 51 ਦੇ ਮੁਕਾਬਲੇ 69 ਵੋਟਾਂ ਨਾਲ ਪਾਸ ਹੋ ਗਿਆ। ਅੰਤਿਮ ਫੈਸਲਾ ਅਗਲੇ ਸਾਲ ਦੀਆਂ ਪਾਰਲੀਮੈਂਟ ਚੋਣਾਂ ਦੇ ਨਾਲ ਹੋਣ ਵਾਲੇ ਜਨਮਤ ਰਾਹੀਂ ਆਮ ਲੋਕ ਕਰਨਗੇ। ਵਿਰੋਧ ਕਰਨ ਵਾਲਿਆਂ ਦੀ ਸੋਚ ਹੈ ਕਿ ਜੇ ਇਹ ਕਾਨੂੰਨ ਲਾਗੂ ਹੋ ਗਿਆ ਤਾਂ ਮਰੀਜ਼ ਤੇ ਡਾਕਟਰ ਦਾ ਆਪਸੀ ਵਿਸ਼ਵਾਸ ਖਤਮ ਹੋ ਜਾਵੇਗਾ।

ਮਿਲੀ ਜਾਣਕਾਰੀ ਅਨੁਸਾਰ ਪੰਜ ਨਵੰਬਰ ਤੋਂ 21 ਨਵੰਬਰ ਤੱਕ ਚੱਲੇ ਸੈਸ਼ਨ ਵਿੱਚ ਤੀਜੀ ਪੜ੍ਹਤ ਪਿੱਛੋਂ ਕੁਝ ਦਿਨ ਪਹਿਲਾਂ ਹੋਈ ਵੋਟਿੰਗ ਮੌਕੇ ਵਿਰੋਧੀ ਧਿਰ ਨੈਸ਼ਨਲ ਨਾਲ ਸੰਬੰਧਤ ਭਾਰਤੀ ਮੂਲ ਦੇ ਪਹਿਲੇ ਦਸਤਾਰਧਾਰੀ ਪਾਰਲੀਮੈਂਟ ਮੈਂਬਰ ਕੰਵਲਜੀਤ ਸਿੰਘ ਬਖਸ਼ੀ ਤੇ ਬੀਬੀ ਪਰਮਜੀਤ ਪਰਮਾਰ ਨੇ ਬਿੱਲ ਦੇ ਵਿਰੁੱਧ ਵੋਟ ਪਾਈ, ਪਰ ਸੱਤਾਧਾਰੀ ਲੇਬਰ ਪਾਰਟੀ ਨਾਲ ਸੰਬੰਧਤ ਭਾਰਤੀ ਪਿਛੋਕੜ ਵਾਲੀ ਪ੍ਰਿਅੰਕਾ ਰਾਧਾਕ੍ਰਿਸ਼ਨਨ ਇਸ ਬਿੱਲ ਦੇ ਹੱਕ ਵਿੱਚ ਭੁਗਤੀ। ਉਂਜ ਇਸ ਦੇ ਬਾਰੇ ਪਾਰਟੀਆਂ ਨੇ ਕੋਈ ਵ੍ਹਿਪ ਜਾਰੀ ਨਹੀਂ ਸੀ ਕੀਤਾ, ਸਗੋਂ ਸਾਰੇ ਮੈਂਬਰਾਂ ਨੂੰ ਜ਼ਮੀਰ ਦੀ ਆਵਾਜ਼ 'ਤੇ ਵੋਟ ਪਾਉਣ ਬਾਰੇ ਕਿਹਾ ਸੀ, ਜਿਸ ਕਰ ਕੇ ਹਾਕਮ ਲੇਬਰ ਪਾਰਟੀ ਦੇ 33 ਅਤੇ ਵਿਰੋਧੀ ਧਿਰ ਨੈਸ਼ਨਲ ਦੇ 17 ਮੈਂਬਰਾਂ ਨੇ ਹੱਕ ਵਿੱਚ ਵੋਟ ਪਾਈ। ਇਸੇ ਤਰ੍ਹਾਂ ਦੋ ਭਾਰਤੀਆਂ ਸਮੇਤ ਨੈਸ਼ਨਲ ਪਾਰਟੀ 38 ਮੈਂਬਰਾਂ ਨੇ ਬਿਲ ਦਾ ਵਿਰੋਧ ਕੀਤਾ ਅਤੇ ਸੱਤਾਧਾਰੀ ਲੇਬਰ ਪਾਰਟੀ ਦੇ ਵੀ 13 ਮੈਂਬਰਾਂ ਨੇ ਵਿਰੋਧ ਵਿੱਚ ਹੀ ਵੋਟ ਪਾਈ। ਲੇਬਰ ਪਾਰਟੀ ਦੀ ਅਗਵਾਈ ਵਾਲੀ ਗਠਜੋੜ ਸਰਕਾਰ 'ਚ ਸ਼ਾਮਲ ਦੋ ਪਾਰਟੀਆਂ, ਗਰੀਨ ਪਾਰਟੀ ਅਤੇ ਨਿਊਜ਼ੀਲੈਂਡ ਫਸਟ ਦੇ ਮੈਂਬਰਾਂ ਨੇ ਸ਼ਰਤ ਪੂਰੀ ਹੋਣ ਪਿੱਛੋਂ ਵੋਟ ਪਾਈ।

ਇਸ ਬਿੱਲ 'ਤੇ ਇਸ ਵਾਰੀ ਕੋਈ ਭਖਵੀਂ ਬਹਿਸ ਨਹੀਂ ਹੋਈ, ਕਿਉਂਕਿ ਇਹ ਪਿਛਲੇ ਮਹੀਨੇ ਵਾਲੇ ਸੈਸ਼ਨ ਦੌਰਾਨ ਦੂਜੀ ਪੜ੍ਹਤ ਮੌਕੇ ਸੌਖ ਨਾਲ ਪਾਸ ਹੋ ਗਿਆ ਸੀ। ਵਰਨਣ ਯੋਗ ਹੈ ਕਿ ਇਹ ਬਿੱਲ ਇੱਕੋ ਇੱਕ ਪਾਰਲੀਮੈਂਟ ਮੈਂਬਰ ਵਾਲੀ ਐਕਟ ਪਾਰਟੀ ਦੇ ਆਗੂ ਡੇਵਿਡ ਸੀਮੌਰ ਵੱਲੋਂ 8 ਜੂਨ 2017 ਤੋਂ ਇਸ ਬਿੱਲ ਦੀ ਪੈਰਵੀ ਕੀਤੀ ਜਾ ਰਹੀ ਹੈ, ਜੋ ਉਸੇ ਸਾਲ ਬਾਅਦ ਵਿੱਚ ਪਾਰਲੀਮੈਂਟ ਦੀਆਂ ਆਮ ਚੋਣਾਂ ਮੌਕੇ ਆਕਲੈਂਡ ਦੇ ਐਪਸਮ ਹਲਕੇ ਤੋਂ ਦੁਬਾਰਾ ਚੁਣੇ ਗਏ ਸਨ। ਇਸ ਬਿੱਲ ਦੇ ਵਿਰੋਧ ਵਿੱਚ ਪੈਸੀਫਿਕ ਆਈਲੈਂਡ ਭਾਈਚਾਰਾ ਪਾਰਲੀਮੈਂਟ ਅੱਗੇ ਰੋਸ ਪ੍ਰਦਰਸ਼ਨ ਕਰ ਚੁੱਕਾ ਹੈ ਕਿ ਇਹ ਬਿੱਲ ਸਮਾਜਕ ਕਦਰਾਂ-ਕੀਮਤਾਂ ਦੇ ਅਨੁਕੂਲ ਨਹੀਂ। ਧਾਰਮਿਕ ਆਗੂ ਵੀ ਇਸ ਦਾ ਵਿਰੋਧ ਕਰਦੇ ਹਨ, ਜਿਨ੍ਹਾਂ ਨੇ ਪਿਛਲੇ ਦਿਨੀਂ ਪਾਰਲੀਮੈਂਟ ਮੈਂਬਰਾਂ ਨੂੰ ਚਿੱਠੀ ਲਿਖ ਕੇ ਬਿੱਲ ਨੂੰ ਕਾਨੂੰਨ ਨਾ ਬਣਨ 'ਤੇ ਜ਼ੋਰ ਦਿੱਤਾ ਸੀ।

# ਜਲ੍ਹਿਆਂਵਾਲਾ ਬਾਗ ਕਾਂਡ ਦੇ ਲਈ ਲੇਬਰ ਪਾਰਟੀ ਮੁਆਫੀ ਮੰਗੇਗੀ



ਲੰਡਨ, 25 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਵਿਰੋਧੀ ਧਿਰ ਲੇਬਰ ਪਾਰਟੀ ਨੇ 12 ਦਸੰਬਰ ਨੂੰ ਹੋ ਰਹੀਆਂ ਆਮ ਚੋਣਾਂ ਲਈ ਕੱਲ੍ਹ ਆਪਣਾ ਚੋਣ ਮਨੋਰਥ ਪੱਤਰ ਜਾਰੀ ਕੀਤਾ ਤਾਂ 100 ਸਾਲ ਪਹਿਲਾਂ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਕਤਲੇਆਮ ਲਈ ਭਾਰਤ ਤੋਂ ਮੁਆਫੀ ਮੰਗਣ ਸਮੇਤ ਦੇਸ਼ ਦੇ ਬਸਤੀਵਾਦੀ ਪਿਛੋਕੜ ਦੀ ਜਾਂਚ ਕਰਾਉਣ ਦਾ ਸੰਕਲਪ ਵੀ ਪ੍ਰਗਟਾਇਆ ਗਿਆ ਹੈ। ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਥੈਰੇਸਾ ਮੇ ਨੇ ਜੱਲ੍ਹਿਆਂਵਾਲਾ ਕਤਲੇਆਮ ਦੇ 100 ਸਾਲ ਹੋਣ 'ਤੇ ਬਸਤੀਵਾਦ ਕਾਲ ਵਿੱਚ ਹੋਈ ਇਸ ਘਟਨਾ ਲਈ ਡੂੰਘਾ ਅਫਸੋਸ ਪ੍ਰਗਟਾਇਆ ਸੀ, ਪਰ ਉਨ੍ਹਾਂ ਮੁਆਫੀ ਨਹੀਂ ਸੀ ਮੰਗੀ। ਲੇਬਰ ਪਾਰਟੀ ਦੇ ਨੇਤਾ ਜੇਰੇਮੀ ਕੋਰਬਿਨ ਨੇ 107 ਸਫਿਆਂ ਦਾ ਮਨੋਰਥ ਪੱਤਰ ਪੇਸ਼ ਕੀਤਾ ਹੈ।

ਇਸ ਸੰਬੰਧ ਵਿੱਚ ਲੇਬਰ ਪਾਰਟੀ ਨੇ ਇਸ ਬਾਰੇ ਅੱਗੇ ਵਧਣ ਤੇ ਮੁਆਫੀ ਮੰਗਣ ਦਾ ਸੰਕਲਪ ਦੱਸਿਆ ਹੈ। ਦਸਤਾਵੇਜ਼ ਵਿੱਚ ਕਿਹਾ ਗਿਆ ਹੈ ਕਿ ਲੇਬਰ ਪਾਰਟੀ ਬ੍ਰਿਟੇਨ ਦੇ ਪਿਛੋਕੜ 'ਚ ਹੋਏ ਅਨਿਆਂ ਦੀ ਜਾਂਚ ਲਈ ਇੱਕ ਜੱਜ ਦੀ ਅਗਵਾਈ ਵਾਲੀ ਕਮੇਟੀ ਬਣਾਏਗੀ। ਇਸ ਤੋਂ ਇਲਾਵਾ ਆਪ੍ਰੇਸ਼ਨ ਬਲਿਊ ਸਟਾਰ ਵਿੱਚ ਦੇਸ਼ ਦੀ ਭੂਮਿਕਾ ਦੀ ਸਮੀਖਿਆ ਵੀ ਕੀਤੀ ਜਾਵੇਗੀ। ਇਸ ਮਨੋਰਥ ਪੱਤਰ ਦਾ ਸਿਰਲੇਖ ਹੈ 'ਇਟਸ ਟਾਈਮ ਫਾਰ ਰੀਅਲ ਚੇਂਜ'। ਮਨੋਰਥ ਪੱਤਰ ਦੇ ਉਪ ਸਿਰਲੇਖ 'ਅਸਰਦਾਰ ਕੂਟਨੀਤੀ' ਵਿੱਚ ਕਿਹਾ ਗਿਆ ਹੈ, 'ਅਸੀਂ ਜਲ੍ਹਿਆਂਵਾਲਾ ਬਾਗ ਕਤਲੇਆਮ ਦੇ ਲਈ ਰਸਮੀ ਮੁਆਫੀਨਾਮਾ ਜਾਰੀ ਕਰਾਂਗੇ ਤੇ ਆਪਰੇਸ਼ਨ ਬਲਿਊ ਸਟਾਰ ਦੇ ਸੰਬੰਧ 'ਚ ਬ੍ਰਿਟੇਨ ਦੀ ਭੂਮਿਕਾ ਦੀ ਘੋਖ ਕਰਾਂਗੇ। ਸਾਲ 2014 ਵਿੱਚ ਬ੍ਰਿਟੇਨ ਸਰਕਾਰ ਦੇ ਜਨਤਕ ਹੋਏ ਦਸਤਾਵੇਜ਼ਾਂ ਤੋਂ ਪਤਾ ਲੱਗਾ ਸੀ ਕਿ ਹਰਿਮੰਦਰ ਸਾਹਿਬ ਵਿੱਚ ਭਾਰਤੀ ਫੌਜ ਦੇ ਜਾਣ ਤੋਂ ਪਹਿਲਾਂ ਭਾਰਤੀ ਸੁਰੱਖਿਆ ਦਸਤਿਆਂ ਨੂੰ ਬ੍ਰਿਟਿਸ਼ ਫੌਜ ਨੇ ਸਲਾਹ ਦਿੱਤੀ ਸੀ। ਬ੍ਰਿਟੇਨ ਦੇ ਕੁਝ ਸਿੱਖ ਗਰੁੱਪ ਕਈ ਸਾਲਾਂ ਤੋਂ ਮੰਗ ਕਰ ਰਹੇ ਹਨ ਕਿ ਜਨਤਕ ਜਾਂਚ ਹੋਣੀ ਚਾਹੀਦੀ ਹੈ ਕਿ ਕਿਸ ਤਰ੍ਹਾਂ ਦੀ ਸਲਾਹ ਦਿੱਤੀ ਗਈ ਸੀ।

# ਗੁਰੂ ਰਵਿਦਾਸ ਮੰਦਰ ਦੀ ਪੱਕੀ ਬਿਲਡਿੰਗ ਵਾਸਤੇ ਸੁਪਰੀਮ ਕੋਰਟ ਦੀ ਇਜਾਜ਼ਤ ਮਿਲੀ

ਨਵੀਂ ਦਿੱਲੀ, 25 ਨਵੰਬਰ, (ਪੋਸਟ ਬਿਊਰੋ)- ਤੁਗਲਕਾਬਾਦ ਫਾਰੈਸਟ ਇਲਾਕੇ ਵਿੱਚ ਗੁਰੂ ਰਵਿਦਾਸ ਮੰਦਰ ਦੀ ਪੱਕੀ ਬਿਲਡਿੰਗ ਬਣਾਉਣ ਲਈਸੁਪਰੀਮ ਕੋਰਟ ਨੇਮਨਜ਼ੂਰੀ ਦੇ ਦਿੱਤੀ ਹੈ। ਕੋਰਟ ਨੇ ਮੰਦਰ ਦੇ ਘੇਰੇ ਵਿੱਚ ਗੁਰੂ ਰਵਿਦਾਸ ਤਲਾਬ ਦੀ ਮੰਗ ਵੀ ਪ੍ਰਵਾਨ ਕਰ ਲਈ ਤੇ ਇਹ ਕਿਹਾ ਕਿ ਗੁਰੂ ਰਵਿਦਾਸ ਦੇ ਸ਼ਰਧਾਲੂਆਂ ਨੂੰ ਕੋਈ ਸਮੱਸਿਆ ਪੇਸ਼ ਨਹੀਂ ਆਏਗੀ ਤੇ ਏਜੰਸੀਆਂ ਮੰਦਰ ਬਣਾਉਣ ਵਿੱਚ ਸਹਿਯੋਗ ਕਰਨਗੀਆਂ।

ਇਸ ਦੌਰਾਨ ਸੁਪਰੀਮ ਕੋਰਟ ਨੇ ਸਾਫ਼ ਕੀਤਾ ਕਿ ਕੋਈ ਵੀ ਉਸ ਖੇਤਰ ਵਿੱ-ਚਅਤੇ ਮੰਦਰ ਦੀ ਤੈਅ ਜ਼ਮੀਨ ਉੱਤੇ ਕਿਸੇ ਤਰ੍ਹਾਂ ਦੀ ਕਾਰੋਬਾਰੀ ਸਰਗਰਮੀ ਨਹੀਂਕਰ ਸਕੇਗਾ। ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਸੂਰੀਆ ਕਾਂਤ ਨੇ 21 ਅਕਤੂਬਰ ਦੇ ਆਪਣੇ ਆਦੇਸ਼ ਵਿੱਚ ਸੋਧ ਕੀਤੀ ਹੈ, ਜਿਸ ਵਿੱਚ ਕੇਂਦਰ ਵੱਲੋਂ ਦਿੱਤੇ ਸੁਝਾਅ ਦੇ ਮੁਤਾਬਕ ਲੱਕੜ ਦੇ ਢਾਂਚੇ ਦਾ ਜ਼ਿਕਰ ਕੀਤਾ ਗਿਆ ਸੀ।ਕਾਂ-ਗਰਸ ਦੇਪਾਰਲੀਮੈਂਟ ਮੈਂਬਰ ਮੈਂਬਰ ਅਸ਼ੋਕ ਤੰਵਰ ਅਤੇ ਸਾਬਕਾ ਕੇਂਦਰੀ ਮੰਤਰੀ ਪ੍ਰਦੀਪ ਜੈਨ ਆਦਿੱਤਿਆ ਵੱਲੋਂ ਸੀਨੀਅਰ ਵਕੀਲ ਵਿਕਾਸ ਸਿੰਘ ਤੇ ਵਿਰਾਗ ਗੁਪਤਾ ਨੇ ਇਸ ਕੇਸ ਦੀ ਪੈਰਵੀ ਕੀਤੀ ਸੀ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ 21 ਅਕਤੂਬਰ ਨੂੰ ਪਿਛਲੀ ਸੁਣਵਾਈ ਵੇਲੇ ਕੋਰਟ ਨੂੰ ਦੱਸਿਆ ਸੀ ਕਿ ਉਨ੍ਹਾਂ ਨੂੰ ਕੇਂਦਰ ਦੀ ਪੇਸ਼ਕਸ਼ ਮਨਜ਼ੂਰ ਨਹੀਂ। ਕੇਂਦਰ ਨੇ ਲੱਕੜ ਨਾਲ ਬਣੀ ਪੋਰਟਾ ਕੈਬਿਨ ਦੀ ਤਜਵੀਜ਼ ਦਿੱਤੀ ਸੀ। ਉਨ੍ਹਾਂ ਕਿਹਾ ਕਿ ਕੋਰਟ ਨੇ ਮੰਦਰ ਦੇ ਪੱਕੇ ਢਾਂਚੇ ਉੱਤੇ ਸਹਿਮਤੀ ਪ੍ਰਗਟਾਈ ਸੀ, ਪਰ 21 ਅਕਤੂਬਰ ਦੇ ਆਦੇਸ਼ ਵਿੱਚ ਉਸਦੀ ਝਲਕ ਨਹੀਂ ਸੀ।

ਕੇਂਦਰ ਸਰਕਾਰਵੱਲੋਂ ਪੇਸ਼ ਹੋਏ ਅਟਾਰਨੀ ਜਨਰਲ ਕੇਕੇ ਵੇਣੂਗੋਪਾਲ ਨੇ ਇਸ ਦਾ ਵਿਰੋਧ ਨਹੀਂ ਕੀਤਾ। ਇਸ ਤੋਂ ਬਾਅਦ ਕੋਰਟ ਨੇ ਆਪਣੇ ਪਿਛਲੇ ਆਦੇਸ਼ ਵਿੱਚ ਸੋਧ ਦਾ ਨਿਰਦੇਸ਼ ਦਿੱਤਾ ਤੇ 21 ਅਕਤੂਬਰ ਨੂੰ ਕੇਂਦਰ ਸਰਕਾਰ ਦੀ 400 ਵਰਗ ਮੀਟਰ ਜ਼ਮੀਨ ਅਲਾਟ ਕਰਨ ਦੀ ਪੇਸ਼ਕਸ਼ ਮਨਜ਼ੂਰ ਕਰ ਲਈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਦਿੱਲੀ ਡਿਵੈਲਪਮੈਂਟ ਅਥਾਰਟੀ (ਡੀਡੀਏ) ਨੇ ਅਗਸਤ ਵਿੱਚ ਸੁਪਰੀਮ ਕੋਰਟ ਦੇ ਆਦੇਸ਼ ਉੱਤੇਇਹ ਮੰਦਰ ਢਾਹ ਦਿੱਤਾ ਸੀ। ਡੀਡੀਏ ਦੇ ਇਸ ਕਦਮ ਬਾਰੇ ਰਾਸ਼ਟਰੀ ਰਾਜਧਾਨੀ ਅਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਤਿੱਖਾ ਵਿਰੋਧ ਹੋਇਆ ਸੀ।

# ਸ਼ਿੰਦਾ ਸੁਰੀਲਾ ਦਾ ਗੀਤ 'ਨਾਨਕ ਦੇ ਘਰ' ਰਿਲੀਜ਼



ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਕਾਵੈਂਟਰੀ ਸਥਿਤ ਸਿੱਖ ਕਮਿਊਨਿਟੀ ਸੈਂਟਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਗੁਰਮਤਿ ਅਤੇ ਸੰਗੀਤ ਵਿਸ਼ੇ ਸੰਬੰਧੀ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਸਮੇਂ ਆਪਣੇ ਸੰਬੋਧਨ ਦੌਰਾਨ ਕੁਲਵੰਤ ਸਿੰਘ ਢੇਸੀ ਅਤੇ ਸੰਗੀਤਕਾਰ ਉਸਤਾਦ ਬਲਦੇਵ ਮਸਤਾਨਾ ਜੀ ਨੇ ਕਿਹਾ ਕਿ ਗੁਰਮਿਤ ਅਤੇ ਸੰਗੀਤ ਇੱਕ ਦੂਜੇ ਦੇ ਪੂਰਕ ਬਣ ਕੇ ਚਲਦੇ ਆ ਰਹੇ ਹਨ। ਗੁਰੂ ਸਾਹਿਬਾਨਾਂ ਨੇ ਆਪਣੇ ਪ੍ਰਚਾਰ ਸਾਧਨਾਂ ਨੂੰ ਆਮ ਲੋਕਾਂ ਵਿੱਚ ਲਿਜਾਣ ਲਈ ਸੰਗੀਤ ਨੂੰ ਪਹਿਲ ਦਿੱਤੀ। ਸਮੁੱਚੀ ਬਾਣੀ ਦਾ ਸੰਗੀਤਕ ਰਾਗਾਂ ਵਿੱਚ ਹੋਣਾ ਇਸ ਦੀ ਪੁਖ਼ਤਾ ਉਦਾਹਰਣ ਹੈ। ਸੰਗੀਤ ਮਨੁੱਖੀ ਮਨ ਨੂੰ ਇਕਾ-ਗਰਤਾ ਪ੍ਰਦਾਨ ਕਰਨ ਵਿੱਚ ਅਹਿਮ ਰੋਲ ਅਦਾ ਕਰਦਾ ਹੈ। ਸੋਨੇ 'ਤੇ ਸੁਹਾਗੇ ਵਾਲੀ ਗੱਲ ਉਦੋਂ ਹੁੰਦੀ ਹੈ ਜਦੋਂ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਅਤੇ ਉਸਤਤ ਨੂੰ ਸੰਗੀਤ ਰਾਹੀਂ ਸੰਗਤਾਂ ਦੇ ਸਨਮੁੱਖ ਕੀਤਾ ਜਾਂਦਾ ਹੈ। ਸ਼ਿੰਦਾ ਸੁਰੀਲਾ ਦਾ ਗੀਤ ਨਾਨਕ ਦੇ ਘਰ ਵੀ ਸੰਗੀਤ ਦੇ ਮਾਧਿਅਮ ਰਾਹੀਂ ਗੁਰੂ ਸਾ-ਹਬਾਨ ਦੇ ਗੁਣਗਾਣ ਦਾ ਬੇਸ਼ੱਕ ਕਿਣਕਾ ਮਾਤਰ ਹੈ ਪਰ ਸ਼ਿੰਦਾ ਸੁਰੀਲਾ ਇਸ ਸ਼ਾਹਕਾਰ ਗੀਤ ਲਈ ਵਧਾਈ ਦਾ ਪਾਤਰ ਹੈ।" ਇਸ ਸਮਾਗਮ ਦੌਰਾਨ ਭਾਈਚਾਰੇ ਦੇ ਰੇਡੀਓ ਪੰਜ ਦੇ ਮੁੱਖ ਸੇਵਾਦਾਰ ਅਤੇ ਗਾਇਕ ਸ਼ਿੰਦਾ ਸੁਰੀਲਾ ਦਾ ਗੀਤ "ਨਾਨਕ ਦੇ ਘਰ" ਵੀ ਲੋਕ ਅਰਪਣ ਕੀਤਾ ਗਿਆ। ਇਸ ਸਮੇਂ ਰੂਪ ਦਵਿੰਦਰ ਕੌਰ ਨਾਹਲ, ਕੇਬੀ ਢੀਂਡਸਾ, ਜਸਵਿੰਦਰ ਸਿੰਘ ਤੂਰ, ਮਲਕੀਤ ਕੌਰ, ਕੌਂਸਲਰ ਰੁਪਿੰਦਰ ਸਿੰਘ, ਸ਼ਿੰਦਾ ਸੁਰੀਲਾ, ਰਾਜ ਛੋਕਰ ਆਦਿ ਬੁਲਾਰਿਆਂ ਨੇ ਆਪਣੇ ਸੰਬੋਧਨ ਦੌਰਾਨ ਜਿੱਥੇ ਇਸ ਸੱਚੀ ਸੁੱਚੀ ਲਿਖਤ ਦੀ ਰੱਜਵੀਂ ਪ੍ਰਸੰਸਾ ਕੀਤੀ, ਉੱਥੇ ਸਮੁੱਚੀ ਟੀਮ ਦੇ ਵਿਲੱਖਣ ਕਾਰਜ ਨੂੰ ਸਲਾਹੁੰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਤਮਸਤਕ ਇਸ ਗੀਤ ਦੀ ਵਿਲੱਖਣਤਾ ਹੀ ਇਹ ਹੈ ਕਿ ਇਸ ਗੀਤ ਵਿੱਚ ਕਿਸੇ ਵੀ ਕਲਪਿਤ ਤਸਵੀਰ ਦਾ ਸਹਾਰਾ ਲੈਣ ਨਾਲੋਂ ਗੁਰੂ ਜੀ ਦੇ ਸ਼ਬਦ ਨੂੰ ਸਤਿਕਾਰ ਵਜੋਂ ਉਚਾਰਿਆ ਗਿਆ ਹੈ।












# ਸੰਪਾਦਕੀ

## ਮੂਲਵਾਸੀ ਬੱਚਿਆਂ ਲਈ ਵੈਲਫੇਅਰ

### ਸਰਕਾਰ ਕਹਿਣੀ ਅਤੇ ਕਰਨੀ ਉੱਤੇ ਖਰੀ ਉੱਤਰੇ

ਫੈਡਰਲ ਨਿਆਂ ਮੰਤਰੀ ਡੇਵਿਡ ਲਾਮੈਟੀ ਅਤੇ ਮੂਲਵਾਸੀ ਸੇਵਾਵਾਂ ਬਾਰੇ ਮੰਤਰੀ ਮਾਰਕ ਮਿਲਰ ਨੇ ਕੱਲ ਇੱਕ ਸਾਂਝੇ ਬਿਆਨ ਵਿੱਚ ਆਖਿਆ ਹੈ ਕਿ ਸਰਕਾਰ ਉਸ ਕਲਾਸ ਐਕਸ਼ਨ ਮੁੱਕਦਮੇ ਨੂੰ ਅਦਾਲਤ ਤੋਂ ਬਾਹਰ ਨਿਪਟਾਉਣ ਦਾ ਇਰਾਦਾ ਰੱਖਦੀ ਹੈ ਜੋ ਉਹਨਾਂ ਮੂਲਵਾਸੀ ਬੱਚਿਆਂ ਨੂੰ ਵਿੱਤੀ ਇਵਜਾਨੇ ਦੇਣ ਬਾਰੇ ਹੈ ਜਿਹੜੇ ਬਿਨਾ ਵਜਹ ਪਰਿਵਾਰਾਂ ਨਾਲੋਂ ਵੱਖ ਕੀਤੇ ਗਏ ਜਾਂ ਸੇਵਾਵਾਂ ਲਈ ਘੱਟ ਫੰਡ ਦਿੱਤੇ ਜਾਣ ਕਾਰਣ ਮਾਰੇ ਗਏ ਸਨ। ਵਰਨਣਯੋਗ ਹੈ ਕਿ ਇਸ ਸਾਲ ਹੋਈਆਂ ਫੈਡਰਲ ਚੋਣਾਂ ਤੋਂ ਪਹਿਲਾਂ ਸਤੰਬਰ ਵਿੱਚ ਕੈਨੇਡੀਅਨ ਮਨੁੱਖੀ ਅਧਿਕਾਰ ਟ੍ਰਿਬਿਊਨਲ ਨੇ ਫੈਸਲਾ ਦਿੱਤਾ ਸੀ ਕਿ ਫੈਡਰਲ ਸਰਕਾਰ ਉਸ ਹਰ ਬੱਚੇ ਅਤੇ ਉਸਦੇ ਪਰਿਵਾਰ ਦੋਵਾਂ ਨੂੰ 40-40 ਹਜ਼ਾਰ ਡਾਲਰ ਇਵਜਾਨੇ ਵਜੋਂ ਦੇਵੇ ਜਿਹੜੇ 2006 ਤੋਂ ਬਾਅਦ ਸਰਕਾਰੀ ਨੀਤੀਆਂ ਕਾਰਣ ਪ੍ਰਭਾਵਿਤ ਹੋਏ ਹਨ। ਅਸੈਂਬਲੀ ਆਫ ਫਸਟ ਨੇਸ਼ਨਜ਼ ਦਾ ਅਨੁਮਾਨ ਹੈ ਕਿ ਕੈਨੇਡਾ ਵਿੱਚ 54,000 ਦੇ ਕਰੀਬ ਬੱਚੇ ਅਤੇ ਉਹਨਾਂ ਦੇ ਪਰਿਵਾਰ ਹਨ ਜਿਹਨਾਂ ਨੂੰ 2 ਬਿਲੀਅਨ ਡਾਲਰ ਇਵਜਾਨੇ ਵਿੱਚ ਦਿੱਤਾ ਜਾਣਾ ਬਣਦਾ ਹੈ। ਕਲਾਸ ਐਕਸ਼ਨ ਵਿੱਚ 6 ਬਿਲੀਅਨ ਡਾਲਰ ਮੰਗੇ ਜਾ ਰਹੇ ਹਨ।

ਫੈਡਰਲ ਸਰਕਾਰ ਨੇ ਕੈਨੇਡੀਅਨ ਮਨੁੱਖੀ ਅਧਿਕਾਰ ਟ੍ਰਿਬਿਊਨਲ ਦੇ ਫੈਸਲੇ ਨੂੰ ਅਦਾਲਤ ਵਿੱਚ ਇਸ ਆਧਾਰ ਉੱਤੇ ਚੁਣੌਤੀ ਦਿੱਤੀ ਸੀ ਕਿ ਐਨੀ ਵੱਡੀ ਰਕਮ ਦੇਣ ਨਾਲ ਕੈਨੇਡਾ ਦੇ ਖਜਾਨੇ ਉੱਤੇ ਬੇਲੋੜਾ ਬੋਝ ਪਵੇਗਾ। ਚੋਣਾਂ ਦੌਰਾਨ ਵਿਸ਼ੇਸ਼ ਕਰਕੇ ਅੰਗਰੇਜ਼ੀ ਵਿੱਚ ਹੋਈ ਲੀਡਰਾਂ ਦੀ ਬਹਿਸ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਸ ਬਾਬਤ ਸਿੱਧੀ ਨੁਕਤਾਚੀਨੀ ਦਾ ਸਾਹਮਣਾ ਕਰਨਾ ਪਿਆ ਸੀ। ਟਰੂਡੋ ਦਾ ਪ੍ਰਤੀਕਰਮ ਸੀ ਕਿ ਅਸੀਂ ਹਰ ਗੱਲ ਨੂੰ ਸੋਚ ਵਿਚਾਰ ਕੇ 'ਸਹੀ ਕਦਮ' ਚੁੱਕਣਾ ਚਾਹੁੰਦੇ ਹਾਂ। ਐਨ ਡੀ ਪੀ ਲੀਡਰ ਜਗਮੀਤ ਸਿੰਘ ਨੇ ਟਰੂਡੋ ਨੂੰ ਇਹ ਆਖ ਕੇ ਕੇਸ ਵਾਪਸ ਲੈਣ ਲਈ ਕਿਹਾ ਸੀ ਕਿ ਸਰਕਾਰ ਨੂੰ ਫਸਟ ਨੇਸ਼ਨ ਬੱਚਿਆਂ ਨੂੰ ਅਦਾਲਤ ਵਿੱਚ ਨਹੀਂ ਘਸੀਟਣਾ ਚਾਹੀਦਾ। ਉਸਨੇ ਇਹ ਮੰਗ ਹਾਲ ਵਿੱਚ ਹੀ ਪ੍ਰਧਾਨ ਮੰਤਰੀ ਨਾਲ ਕੀਤੀ ਮੁਲਾਕਾਤ ਵਿੱਚ ਦੁਹਰਾਈ ਸੀ।

ਮੁੱਦੇ ਦਾ ਧੁਰਾ ਰੀਜ਼ਰਵ ਉੱਤੇ ਉਪਲਬਧ 'ਬਾਲ ਭਲਾਈ ਵੈਲਫੇਅਰ ਸਿਸਟਮ' ਦੀਆਂ ਊਣਤਾਈਆਂ ਹਨ ਜਿਹਨਾਂ ਬਦੌਲਤ 2006 ਤੋਂ ਬਾਅਦ ਵੱਡੀ ਪੱਧਰ ਉੱਤੇ ਬੱਚੇ ਪਰਿਵਾਰਾਂ ਨਾਲੋਂ ਵੱਖ ਕਰਕੇ ਫੋਸਟਰ ਕੇਅਰ (Foster care)ਵਿੱਚ ਭੇਜੇ ਗਏ। ਮੂਲਵਾਸੀ ਆਗੂਆਂ ਦਾ ਆਖਣਾ ਹੈ ਕਿ ਜਿੰਨੇ ਬੱਚੇ ਮਾਪਿਆਂ ਨਾਲੋਂ ਵਿਛੋੜ ਕੇ ਫੋਸਟਰ ਕੇਅਰ ਵਿੱਚ 2006 ਤੋਂ ਬਾਅਦ ਵਿੱਚ ਭੇਜੇ ਗਏ, ਉਹਨਾਂ ਦੀ ਗਿਣਤੀ ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਭੇਜੇ ਗਏ ਬੱਚਿਆਂ ਨਾਲੋਂ ਵੀ ਵੱਧ ਸੀ। ਮੈਨੀਟੋਬਾ ਵਿੱਚ ਅੱਜ ਵੀ 11 ਹਜ਼ਾਰ ਬੱਚੇ ਫੋਸਟਰ ਕੇਅਰ ਵਿੱਚ ਹਨ ਜਿਹਨਾਂ ਵਿੱਚੋਂ 90% ਤੋਂ ਵੱਧ ਮੂਲਵਾਸੀ ਬੱਚੇ ਹਨ। ਨੌਰਥਨ ਉਂਟੇਰੀਓ ਵਿੱਚ 2013 ਤੋਂ 2017 ਦੇ ਚਾਰ ਸਾਲਾਂ ਵਿੱਚ 72 ਬੱਚਿਆਂ ਦੀ ਮੌਤ ਹੋਈ ਕਿਉਂਕਿ ਸਿਸਟਮ ਦੀਆਂ ਖਾਮੀਆਂ ਕਾਰਣ ਸਹੀ ਸੇਵਾ ਸੰਭਾਲ ਨਹੀਂ ਦਿੱਤੀ ਜਾ ਸਕੀ ਜੋ Jordan's principle ਤਹਿਤ ਦਿੱਤੀ ਜਾਣੀ ਚਾਹੀਦੀ ਸੀ।

Jordan's principle ਉਹ ਸਿਧਾਂਤ ਹੈ ਜੋ ਜੌਰਡਨ ਐਂਡਰਸਨ ਨਾਮਕ ਮੂਲਵਾਸੀ ਬੱਚੇ ਦੀ ਮੌਤ ਤੋਂ ਬਾਅਦ ਹੋਂਦ ਵਿੱਚ ਲਿਆਂਦਾ ਗਿਆ ਸੀ। ਇਸ ਸਿਧਾਂਤ ਮੁਤਾਬਕ ਮੂਲਵਾਸੀ ਬੱਚਿਆਂ ਦੀਆਂ ਲੋੜਾਂ ਪਹਿਲ ਦੇ ਆਧਾਰ ਉੱਤੇ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਮੈਨੀਟੋਬਾ ਵਿੱਚ Norway House Cree Nation ਨਾਲ ਸਬੰਧਿਤ ਬੱਚਾ ਜੌਰਡਨ ਕਈ ਗੰਭੀਰ ਬਿਮਾਰੀਆਂ ਨਾਲ ਪੈਦਾ ਹੋਇਆ ਜੋ ਪੰਜ ਸਾਲ ਦੀ ਉਮਰ ਵਿੱਚ ਰੱਬ ਨੂੰ ਪਿਆਰਾ ਹੋ ਗਿਆ ਸੀ। ਜੌਰਡਨ ਨੇ ਆਪਣੇ ਪੰਜ ਸਾਲਾ ਜੀਵਨ ਦਾ ਇੱਕ ਦਿਨ ਵੀ ਆਪਣੇ ਟੱਬਰ ਵਿੱਚ ਨਹੀਂ ਸੀ ਬਿਤ-ਾਇਆ। ਜੌਰਡਨ ਦੀ ਉਮਰ ਦੇ ਦੋ ਸਾਲ ਤਾਂ ਫੈਡਰਲ ਅਤੇ ਮੈਨੀਟੋਬਾ ਸਰਕਾਰਾਂ ਨੇ ਇਸ ਬਹਿਸ ਵਿੱਚ ਕੱਢ ਦਿੱਤੇ ਕਿ ਉਸਦਾ ਇਲਾਜ ਕਿਸਦੀ ਜੁੰਮੇਵਾਰੀ ਹੈ। 26 ਜਨਵਰੀ 2016 ਨੂੰ ਮਨੁੱਖੀ ਅਧਿਕਾਰ ਟ੍ਰਿਬਿਊਨਲ ਨੇ ਹੁਕਮ ਦਿੱਤੇ ਸਨ ਕਿ ਸਰਕਾਰ ਹਰ ਮੂਲਵਾਸੀ ਬੱਚੇ ਨੂੰ Jordan's principle ਮੁਤਾਬਕ ਸੇਵਾਵਾਂ ਦੇਣ ਲਈ ਵਚਨਬੱਧ ਬਣੇ।

ਮਨੁੱਖੀ ਅਧਿਕਾਰ ਟ੍ਰਿਬਿਊਨਲ ਦੇ ਫੈਸਲੇ ਨੂੰ ਲਾਗੂ ਕਰਵਾਉਣ ਲਈ ਆਰੰਭ ਹੋਏ ਕਲਾਸ ਐਕਸ਼ਨ ਨੂੰ ਨਿਪਟਾਉਣ ਬਾਰੇ ਨਿਆਂ ਮੰਤਰੀ ਅਤੇ ਮੂਲਵਾਸੀ ਵਿਭਾਗ ਦੇ ਮੰਤਰੀ ਵੱਲੋਂ ਦਿੱਤਾ ਬਿਆਨ ਸੁਆਗਤਯੋਗ ਹੈ ਪਰ ਸਮੱਸਿਆ ਹੈ ਕਿ ਲਿਬਰਲ ਸਰਕਾਰ ਵਾਅਦੇ ਪੂਰੇ ਨਾ ਕਰਨ ਦੀ ਭੱਲ ਬਣਾ ਚੁੱਕੀ ਹੈ। 2015 ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਾਅਦਾ ਕੀਤਾ ਸੀ ਕਿ Truth and Reconciliation Commission ਵੱਲੋਂ ਸੁਝਾਈਆਂ ਸਾਰੀਆਂ 94 ਸਿਫਾਰਸ਼ਾਂ ਨੂੰ ਹੂਬਹੂ ਲਾਗੂ ਕੀਤਾ ਜਾਵੇਗਾ ਪਰ ਅਮਲਾਂ ਵੇਲੇ ਗੱਲ ਇਧਰ ਉੱਧਰ ਹੋ ਗਈ। ਉਮੀਦ ਕਰਨੀ ਚਾਹੀਦੀ ਹੈ ਕਿ ਇਸ ਵਾਰ ਸਰਕਾਰ ਆਪਣੀ ਕਹਿਣੀ ਅਤੇ ਕਥਨੀ ਵਿੱਚ ਤਾਲਮੇਲ ਪੈਦਾ ਕਰੇਗੀ।

## ਸਪੇਵਰ ਤੇ ਕੋਵਰਿੱਗ ਬਾਰੇ ਸ਼ੈਂਪੇਨ ਨੇ ਵਾਂਗ ਯੀ ਨਾਲ ਕੀਤੀ ਗੱਲਬਾਤ

...ਪੰਨਾ 1 ਦਾ ਬਾਕੀ

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਮੈਂਗ ਨੂੰ ਗ੍ਰਿਫਤਾਰ ਕੀਤੇ ਜਾਣ ਤੋਂ ਨੌਂ ਦਿਨਾਂ ਤੋਂ ਬਾਅਦ ਸਪੇਵਰ ਤੇ ਕੋਵਰਿੱਗ ਨੂੰ ਚੀਨ ਵਿੱਚ ਨਜ਼ਰਬੰਦ ਕਰ ਲਿਆ ਗਿਆ ਸੀ। ਸ਼ਨਿੱਚਰਵਾਰ ਰਾਤ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ੈਂਪੇਨ ਨੇ ਆਖਿਆ ਕਿ ਵੈਂਗ ਤੇ ਉਨ੍ਹਾਂ ਵੱਲੋਂ ਇਹ ਵਚਨਬੱਧਤਾ ਪ੍ਰਗਟਾਈ ਗਈ ਹੈ ਕਿ ਉਹ ਇਸ ਸਬੰਧ ਵਿੱਚ ਗੱਲਬਾਤ ਜਾਰੀ ਰੱਖਣਗੇ।

## ਬਰੈਂਪਟਨ 'ਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਸੜਕ ਦਾ ਨਾਮ ਰੱਖਿਆ

### ਬਾਵਾ ਨੇ ਮੇਅਰ ਅਤੇ ਸਾਬਕਾ ਮੰਤਰੀ ਨੂੰ ਪੁਸਤਕ ਭੇਂਟ ਕਰਕੇ ਕੀਤਾ ਸਨਮਾਨਿਤ



ਲੁਧਿਆਣਾ, 25 ਨਵੰਬਰ (ਗਿਆਨ ਸਿੰਘ )-ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਸੜਕ ਦਾ ਨਾਮ ਰੱਖਣ ਵਾਲੇ ਮੇਅਰ ਪੈਟਰਿਕ ਬਰਾਊਨ ਨੂੰ ਬੈਰਾਗੀ ਮਹਾਂਮੰਡਲ ਅੰਤਰ-ਰਾਸ਼ਟਰੀਯ ਫਾਊਡੇਸ਼ਨ ਦੇ ਚੇਅਰਮੈਨ ਅਤੇ ਪੰਜਾਬ ਰਾਜ ਉਦਯੋਗ ਵਿਕਾਸ ਨਿਗਮ ਦੇ ਚੇਅ੍ਰਮੈਨ ਨੇ ਵਾਕਿੰਗ ਵਿਦ ਬਾਬਾ ਨਾਨਕ ਪੁਸਤਕ ਭੇਂਟ ਕਰਕੇ ਸਨਮਾਨਿਤ ਕੀਤਾ । ਬਾਵਾ ਨੇ ਕੈਨੇਡਾ ਸਰਕਾਰ ਦੇ ਸਾਬਕਾ ਮੰਤਰੀ ਹਰਿੰਦਰ ਤਖਰ ਦੇ ਨਾਲ ਵਿਸ਼ੇਸ਼ ਤੌਰ ਤੇ ਮੁਲਾਕਾਤ ਕਰਕੇ ਉਹਨਾਂ ਦੀ ਸ਼ਾਨਦਾਰ ਪ੍ਰਾਪਤੀਆਂ ਦੇ ਲਈ ਪ੍ਰਸ਼ੰਸ਼ਾ ਕਰਦਿਆਂ ਹੋਇਆਂ ਉਹਨਾਂ ਨੂੰ ਧਨ ਨਾਨਕ ਤੇਰੀ ਵੱਡੀ ਕਮਾਈ ਪੁਸਤਕ ਭੇਂਟ ਕਰਦਿਆਂ ਹੋਇਆਂ ਸਨਮਾਨਿਤ ਕੀਤਾ । ਸਾਬਕਾ ਮੰਤਰੀ ਹਰਿੰਦਰ ਤਖਰ ਨੇ ਬਾਵਾ ਦੇ ਨਾਲ ਇਹ ਵੀ ਵਾਅਦਾ ਕੀਤਾ ਕਿ ਉਹ ਅਗਲੇ ਸਾਲ ਭਾਰਤ ਅਤੇ ਵਿਸ਼ੇ ਸ਼ ਕਰਕੇ ਪੰਜਾਬ ਦੇ ਦੌਰੇ ਤੇ ਆ ਰਹੇ ਹਨ। ਪੰਜਾਬ ਦੇ ਸੀ.ਐਮ. ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕਰਕੇ ਪੰਜਾਬ ਦੇ ਉਦਯੋਗ ਅਤੇ ਵਪਾਰ ਦੀ ਪ੍ਰਮੋਸ਼ਨ ਦੇ ਲਈ ਪੂੰਜੀ ਨਿਵੇਸ਼ ਕਰਵਾਉਣਗੇ । ਇਸ ਮੌਕੇ ਤੇ ਫਾਊਡੇਸ਼ਨ ਦੇ ਚੇਅ੍ਰਮੈਨ ਅਸ਼ੋਕ ਬਾਵਾ, ਸਾਬਕਾ ਬ੍ਰਿਗੇਡੀਅਰ ਨਵਾਬ ਸਿੰਘ ਹੀਰ ਅਤੇ ਨੱਛਤਰ ਸਿੰਘ ਰਾਗੀ ਆਦਿ ਹਾਜ਼ਰ ਸਨ ।

## ਡਿਪਟੀ ਕਮਿਸ਼ਨਰ ਵੱਲੋਂ ਸਿਆਸੀ ਪਾਰਟੀਆਂ ਅਤੇ ਚੌਣਕਾਰ ਰਜਿਸ਼ਟ੍ਰੇਸਨ ਅਫਸਰਾਂ ਨਾਲ ਮੀਟਿੰਗ



ਫਰੀਦਕੋਟ, 25 ਨਵੰਬਰ (ਗਿਆਨ ਸਿੰਘ): ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਕੁਮਾਰ ਸੌਰਭ ਰਾਜ ਆਈ.ਏ.ਐਸ. ਦੀ ਯੋਗ ਰਹਿਨੁਮਾਈ ਹੇਠ ਅੱਜ ਸਮੂਹ ਸਿਆਸੀ ਪਾਰਟੀਆਂ ਅਤੇ ਚੋਣਕਾਰ ਰਜਿਸ਼ਟੇਸ਼ਨ ਅਫਸਰਾਂ ਨਾਲ ਮੀਟਿੰਗ ਕੀਤੀ ਗਈ।ਇਸ ਮੌਕੇ ਪਰਮਦੀਪ ਸਿੰਘ, ਉਪ ਮੰਡਲ ਮੈਜਿਸਟਰੇਟ, ਫਰੀਦਕੋਟ ਅਤੇ ਡਾ. ਮਨਦੀਪ ਕੌਰ, ਉਪ ਮੰਡਲ ਮੈਜਿਸਟਰੇਟ, ਕੋਟਕਪੂਰਾ ਅਤੇ ਜੈਤੋਂ (ਅ.ਜ.) ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਨੇ ਦੱਸਿਆ ਹੈ ਕਿ ਮਿਤੀ 16.12.2019 ਤੋਂ 15.01.2020 ਤੱਕ ਸਪੈਸ਼ਲ ਸਰਸਰੀ ਸੁਧਾਈ ਯੋਗਤਾ ਮਿਤੀ 01.01.2020 ਦੇ ਆਧਾਰ ਤੇ ਹੋਵੇਗੀ। ਇਸ ਪ੍ਰੋਗਰਾਮ ਅਧੀਨ ਜ਼ਿਲ੍ਹੇ ਵਿੱਚ ਪੈਂਦੇ ਵਿਧਾਨ ਸਭਾ ਚੋਣ ਹਲਕਾ 87-ਫਰੀਦਕੋਟ, 88-ਕੋਟਕਪੂਰਾ ਅਤੇ 89-ਜੈਤੋਂ(ਅ.ਜ.) ਵਿੱਚ ਆਮ ਜਨਤਾ ਪਾਸੋ ਬੂਥ ਲੈਵਲ ਅਫਸਰਾਂ ਰਾਹੀਂ ਦਾਅਵੇ/ਇਤਰਾਜ਼ ਪ੍ਰਾਪਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਦਾਅਵੇ/ਇਤਰਾਜ਼ ਸਬੰਧਤ ਚੋਣਕਾਰ ਰਜਿਸ਼ਟਰੇਸ਼ਨ ਅਫਸਰ-ਕਮ-ਉਪ ਮੰਡਲ ਮੈਜਿਸਟਰੇਟ ਦੇ ਦਫਤਰ ਜਾਂ ਜ਼ਿਲ੍ਹਾ ਚੋਣ ਦਫਤਰ, ਫਰੀਦਕੋਟ ਵੀ ਦਿੱਤੇ ਜਾ ਸਕਦੇ ਹਨ।ਇਸ ਸਬੰਧੀ ਉਨ੍ਹਾਂ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨਵੀਂ ਵੋਟ ਬਣਾਉਣ ਲਈ ਫਾਰਮ ਨੰ: 6, ਵੋਟ ਕਟਵਾਉਣ ਸਬੰਧੀ ਇਤਰਾਜ ਹੋਵੇ ਤਾਂ ਫਾਰਮ ਨੰ: 7, ਵੋਟ ਵਿੱਚ ਸੋਧ ਕਰਵਾਉਣ ਲਈ ਫਾਰਮ ਨੰ: 8 ਅਤੇ ਉਸੇ ਹਲਕੇ ਵਿੱਚ ਵੋਟ ਤਬਦੀਲ ਕਰਵਾਉਣ ਲਈ ਫਾਰਮ ਨੰ: 8ੳ ਪ੍ਰਾਪਤ ਕੀਤੇ ਜਾਣਗੇ।

ਇਸ ਮੌਕੇ ਚੋਣ ਤਹਿਸੀਲਦਾਰ ਹਰਜਿੰਦਰ ਕੌਰ, ਪਵਨਪ੍ਰੀਤ ਸਿੰਘ ਸੀ.ਪੀ.ਆਈ., ਜਸਪਾਲ ਸਿੰਘ ਮੌੜ ਸ਼੍ਰੋਮਣੀ ਅਕਾਲੀ ਦਲ ਗੁਰਬਖਸ਼ ਸਿੰਘ ਚੌਹਾਨ, ਬੀ.ਐਸ.ਪੀ., ਰਵੀ ਕੁਮਾਰ ਬੁਗਰਾ ਆਮ ਆਦਮੀ ਪਾਰਟੀ ਅਤੇ ਸੁਨੀਤਾ ਗਰਗ ਬੀਜੇਪੀ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ, ਬਲਜਿੰਦਰ ਸਿੰਘ ਚੋਣ ਕਾਨੂੰਗੋ, ਸ਼੍ਰੀ ਬੇਅੰਤ ਸਿੰਘ ਚੋਣ ਕਾਨੂੰਗੋ, ਵਿਸ਼ਾਲ ਪ੍ਰਾਸ਼ਰ ਪ੍ਰੋਗਰਾਮਰ ਵੀ ਹਾਜ਼ਰ ਸਨ।

## ਆਲ ਇੰਡੀਆ ਬੈਰਾਗੀ ਮਹਾਂਮੰਡਲ ਵੱਲੋਂ ਹਰਿਆਣਾ ਦੇ ਮੰਤਰੀ ਚੌਧਰੀ ਰਣਜੀਤ ਸਿੰਘ ਸਨਮਾਨਿਤ



ਲੁਧਿਆਣਾ, 25 ਨਵੰਬਰ (ਗਿਆਨ ਸਿੰਘ): ਆਲ ਇੰਡੀਆ ਬੈਰਾਗੀ ਮਹਾਂਮੰਡਲ ਵੱਲੋਂ ਵਿਸ਼ੇਸ਼ ਸਮਾਰੋਹ ਦਾ ਆਯੋਜਨ ਉਪ-ਪ੍ਰਧਾਨ ਐਡਵੋਕੇਟ ਅਸ਼ਵਨੀ ਮਹੰਤ ਦੀ ਦੇਖ ਰੇਖ ਹੇਠ ਕੀਤਾ ਗਿਆ, ਜਿਸ ਵਿਚ ਐਡਵੋਕੇਟ ਅਸ਼ਵਨੀ ਮਹੰਤ ਅਤੇ ਉਹਨਾਂ ਦੇ ਸਾਥੀਆਂ ਨੇ ਹਰਿਆਣਾ ਦੇ ਮੰਤਰੀ ਚੌਧਰੀ ਰਣਜੀਤ ਸਿੰਘ ਨੂੰ ਉਹਨਾਂ ਦੇ ਲੁਧਿਆਣਾ ਦੌਰੇ ਦੌਰਾਨ ਦੌਸ਼ਾਲਾ ਅਤੇ ਬਾਬਾ ਬੰਦਾ ਸਿੰਘ ਬਹਾਦੁਰ ਦੀ ਤਸਵੀਰ ਭੇਂਟ ਕਰਕੇ ਸਨਮਾਨਿਤ ਕੀਤਾ । ਮੰਤਰੀ ਚੌਧਰੀ ਰਣਜੀਤ ਸਿੰਘ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਰਾਜ ਦੋਨੇਂ ਹੀ ਭਾਈ ਭਾਈ ਹਨ ਅਤੇ ਦੋਨੇਂ ਪ੍ਰਦੇਸ਼ਾਂ ਦੀ ਆਪਸੀ ਮਜ਼ਬੂਤ ਭਾਈਚਾਰਕ ਸਾਂਝ ਹੈ । ਪੰਜਾਬੀ ਸੱਭਿਆਂਚਾਰ ਦੀ ਮਹਿਮਾਨ ਨਿਵਾਜੀ ਨੂੰ ਦੁਨੀਆਂ ਭਰ ਵਿਚ ਪਸੰਦ ਕੀਤਾ ਜਾਂਦਾ ਹੈ । ਉਹਨਾਂ ਕਿਹਾ ਕਿ ਉਹ ਆੱਲ ਇੰਡੀਆ ਬੈਰਾਗੀ ਮਹਾਂਮੰਡਲ ਦੇ ਨਾਲ ਚੱਟਾਨ ਵਾਂਗ ਖੜੇ ਹਨ । ਇਸ ਮੌਕੇ ਤੇ ਮਹਾਂਮੰਡਲ ਦੇ ਕਨਵੀਨਰ ਪ੍ਰਿੰਸੀਪਲ ਬਲਦੇਵ ਬਾਵਾ, ਮਹੰਤ ਮਨੋਹਰ ਦਾਸ, ਰਵੀ ਮਹੰਤ, ਅਰਜੁਨ ਬਾਵਾ, ਗਗਨਦੀਪ ਬਾਵਾ, ਸੁਨੀਤਾ ਮਹੰਤ, ਅਨੁਪ੍ਰੀਤ ਮਹੰਤ, ਜਸਵਿੰਦਰ ਬਾਵਾ, ਇੰਦਰਜੀਤ ਸਿੰਘ ਗਿੱਲ ਉਪ ਚੇਅਰਮੈਨ ਪੰਜਾਬ ਸੀਡ ਨਿਗਮ, ਸੁਖਜੀਵਨ ਸਿੰਘ ਗਿੱਲ, ਪ੍ਰਵੀਨ ਜਿੰਦਲ, ਰਾਕੇਸ਼ ਸੂਦ, ਘਨਸ਼ਾਮ ਰਾਵਤ, ਵਿਸ਼ਾਲ, ਗੁਰਦੀਪ ਸਿੰਘ ਸੈਣੀ, ਜਤਿੰਦਰ ਜੇਠੀ ਅਤੇ ਧਰਮਪਾਲ ਮਾਣਾ ਆਦਿ ਹਾਜ਼ਰ ਸਨ।

## ਕਬਰ ਵਿੱਚੋਂ ਨਿਕਲ ਕੇ ਮੁਰਦੇ ਨੇ 'ਦਾਜ ਮੰਗਿਆ'

ਕੌਸ਼ਾਂਬੀ, 26 ਨਵੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਸੀਤਾਪੁਰ ਪਿੰਡ ਵਿੱਚ ਕਬਰ 'ਚੋਂ ਨਿਕਲ ਕੇ ਇੱਕ ਮੁਰਦੇ ਨੇ ਨਾ ਸਿਰਫ ਆਪਣੀ ਨੂੰਹ ਨੂੰ ਤੰਗ ਕੀਤਾ, ਬਲਕਿ ਉਸ ਕੋਲੋਂ ਦਾਜ ਦੀ ਮੰਗ ਵੀ ਕੀਤੀ ਹੈ।

ਅਸਲ ਵਿੱਚ ਮ੍ਰਿਤਕ ਸਿਰਾਜੁਦੀਨ ਦੇ ਲੜਕੇ ਫਿਰੋਜ਼ ਦਾ ਵਿਆਹ ਹਰਾਏ-ਪੁਰ ਪਿੰਡ ਦੇ ਵਸਨੀਕ ਸ਼ਕੀਲ ਅਹਿਮਦ ਦੀ ਲੜਕੀ ਸੂਫੀਆ ਬੇਗਮ ਨਾਲ ਹੋਇਆ ਸੀ। ਫਿਰੋਜ਼ ਆਪਣੀ ਪਤਨੀ ਨੂੰ ਬੰਗਲੌਰ ਲਿਜਾਣਾ ਚਾਹੁੰਦਾ ਸੀ। ਇਸ ਗੱਲ ਨੂੰ ਲੈ ਕੇ ਦੋਵਾਂ ਦੀ ਤਕਰਾਰ ਹੋ ਗਈ, ਜਿਸ ਤੋਂ ਬਾਅਦ ਉਸ ਦੀ ਪਤਨੀ ਆਪਣੇ ਪੇਕੇ ਘਰ ਚਲੀ ਗਈ। ਸੂਫੀਆ ਬੇਗਮ ਨੇ 15 ਦਿਨ ਪਹਿਲਾਂ ਸੀ ਜੇ ਐੱਮ ਦੀ ਕੋਰਟ ਵਿੱਚ ਇੱਕ ਅਰਜ਼ੀ ਦਾਖਲ ਕੀਤੀ, ਜਿਸ ਵਿੱਚ ਦੋਸ਼ ਲਾਇਆ ਗਿਆ ਕਿ ਉਸ ਦੇ ਸਹੁਰੇ ਪਰਵਾਰ ਨੇ ਉਸ ਕੋਲੋਂ ਪੰਜ ਲੱਖ ਰੁਪਏ ਦਾਜ ਵਜੋਂ ਮੰਗੇ ਹਨ। ਕੁੱਟਮਾਰ ਵੀ ਕੀਤੀ ਗਈ ਤੇ ਘਰੋਂ ਬਾਹਰ ਕੱਢ ਦਿੱਤਾ ਗਿਆ। ਕੋਰਟ ਨੇ ਪੁਲਸ ਤੋਂ ਰਿਪੋਰਟ ਮੰਗੀ, ਜਿਸ ਨੇ ਜਾਂਚ ਕੀਤੇ ਬਿਨਾਂ ਰਿਪੋਰਟ ਭੇਜ ਦਿੱਤੀ। ਇਸ ਤੋਂ ਬਾਅਦ ਅਦਾਲਤ ਨੇ ਸਾਰੇ ਦੋਸ਼ੀਆਂ ਦੇ ਖਿਲਾਫ ਕੇਸ ਦਰਜ ਕਰਨ ਦਾ ਹੁਕਮ ਦਿੱਤਾ। ਪੁਲਸ ਨੇ ਮ੍ਰਿਤਕ ਸਿਰਾਜੁਦੀਨ ਸਣੇ ਚਾਰ ਦੋਸ਼ੀਆਂ ਖਿਲਾਫ ਵੀ ਕੇਸ ਦਰਜ ਕਰ ਲਿਆ। ਪੁਲਸ ਜਦੋਂ ਕਾਰਵਾਈ ਲਈ ਪਿੰਡ ਪੁੱਜੀ ਤਾਂ ਉਸ ਨੂੰ ਓਥੋਂ ਇਹ ਗੱਲ ਪਤਾ ਲੱਗੀ ਕਿ ਸਿਰਾਜੁਦੀਨ ਦੀ ਮੌਤ ਇੱਕ ਸਾਲ ਪਹਿਲਾਂ ਹੋ ਚੁੱਕੀ ਹੈ।

## ਸ਼ੋਕ ਸਮਾਚਾਰ



ਆਪ ਜੀ ਨੂੰ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀਮਤੀ ਦਲਜੀਤ ਕੌਰ ਕੰਗ ਬੀਤੀ 20 ਨਵੰਬਰ ਨੂੰ ਸਾਨੂੰ ਸਦੀਵੀਂ ਵਿਛੋੜਾ ਦੇ ਗਏ। ਜਿਨ੍ਹਾਂ ਦਾ ਅੰਤਮ ਸਸਕਾਰ ਮਿਤੀ 30 ਨਵੰਬਰ ਦਿਨ ਸ਼ਨੀਵਾਰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ 30 Bramwin court ਵਿਖੇ ਕੀਤਾ ਜਾਵੇਗਾ ਤੇ ਅੰਤਿਮ ਅਰਦਾਸ ਦੁਪਹਿਰ 2 ਵਜੇ Dixie gurudwara 7080 Dixie rd Mississauga ਵਿਖੇ ਕੀਤੀ ਜਾਵੇਗੀ।ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 647-248-5169 ਅਤੇ 647-772-5330 ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।









ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.















# 'ਸਮਕਾਲੀ ਦੌਰ ਵਿਚ ਗੁਰੂ ਨਾਨਕ ਬਾਣੀ ਅਤੇ ਫ਼ਲਸਫ਼ੇ ਦੀ ਪ੍ਰਸੰਗਿਕਤਾ' ਵਿਸ਼ੇ 'ਤੇ ਸੈਮੀਨਾਰ ਕਰਵਾਇਆ

## 'ਗੁਰੂ ਨਾਨਕ ਬਾਣੀ ਚਿੰਤਨ' ਸਿਧਾਂਤ ਤੇ ਵਿਚਾਰ' ਪੁਸਤਕ ਰੀਲੀਜ਼ ਕੀਤੀ ਗਈ ਤੇ ਕਵੀ ਦਰਬਾਰ ਕਰਵਾਇਆ









ਬਰੈਂਪਟਨ, (ਡਾ. ਝੰਡ) - ਵਿਸ਼ਵ ਪੰਜਾਬੀ ਕਾਨਫ਼ਰੰਸ (ਰਜਿ.) ਟੋਰਾਂਟੋ ਵੱਲੋਂ 23 ਨਵੰਬਰ ਦਿਨ ਸ਼ਨੀਵਾਰ ਨੂੰ 'ਸਮਕਾਲੀ ਦੌਰ ਵਿਚ ਗੁਰੂ ਨਾਨਕ ਬਾਣੀ ਅਤੇ ਫ਼ਲਸਫ਼ੇ' ਦੀ ਪ੍ਰਸੰਗਿਕਤਾ' ਵਿਸ਼ੇ 'ਤੇ ਇਕ-ਰੋਜ਼ਾ ਅੰਤਰ-ਰਾਸ਼ਟਰੀ ਸੈਮੀਨਾਰ ਸਫ਼ਲਤਾ-ਪੂਰਵਕ ਕਰਵ-ਾਇਆ ਗਿਆ। ਸਮਾਗਮ ਦੀ ਸ਼ੁਭ-ਸ਼ੁਰੂਆਤ ਪਤਵੰਤਿਆਂ ਵੱਲੋਂ ਗਿਆਨ ਦੀਆਂ ਪ੍ਰਤੀਕ 'ਮੋਮਬੱਤੀਆਂ' ਜਗਾ ਕੇ ਕੀਤੀ ਗਈ ਅਤੇ ਇਸ ਦੇ ਨਾਲ ਹੀ ਮੰਚ-ਸੰਚਾਲਕ ਪ੍ਰੋ.ਜਗੀਰ ਸਿੰਘ ਕਾਹਲੋਂ ਵੱਲੋਂ ਭਾਰਤ ਤੋਂ ਆਏ ਨਾਮਧਾਰੀ ਸੰਪਰਦਾਇ ਦੇ ਮੁਖੀ ਠਾਕਰ ਦਲੀਪ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਮੋਹਨ ਸਿੰਘ ਤਿਆਗੀ, ਅਮਰੀਕਾ ਤੋਂ ਆਏ ਵਿਦ-ਵਾਨ ਦਿਲਵੀਰ 'ਦਿਲ ਨਿੱਜਰ', ਪਾਕਿ-ਸਤਾਨ ਤੋਂ ਆਏ ਲੇਖਕ ਮੁਹੰਮਦ ਖਾਲਿਦ, ਪ੍ਰਸਿੱਧ ਪੰਜਾਬੀ ਲੇਖਕ ਡਾ. ਵਰਿਆਮ ਸਿੰਘ ਸੰਧੂ, ਵਿਸ਼ਵ ਪੰਜਾਬੀ ਕਾਨਫ਼ਰੰਸ (ਰਜਿ.) ਟੋਰਾਂਟੋ ਦੇ ਚੇਅਰਪਰਸਨ ਗਿਆਨ ਸਿੰਘ ਕੰਗ, ਪ੍ਰਧਾਨ ਕਮਲਜੀਤ ਸਿੰਘ ਲਾਲੀ ਕਿੰਗ ਅਤੇ ਮੀਤ-ਪ੍ਰਧਾਨ ਸੁਰਜੀਤ ਕੌਰ ਨੂੰ ਪ੍ਰਧਾਨਗੀ-ਮੰਡਲ ਵਿਚ ਬੈਠਣ ਲਈ ਕਿਹਾ ਗਿਆ। ਸੈਮੀਨਾਰ ਦੀ ਸਫ਼ਲਤਾ ਲਈ ਮੰਚ-ਸੰਚਾਲਕ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਰਜਿਸਟਰਾਰ ਡਾ. ਮਨਜੀਤ ਸਿੰਘ ਵੱਲੋਂ ਭੇਜਿਆ ਗਿਆ ਸ਼ੁਭ-ਇੱਛਾਵਾਂ ਨਾਲ ਲਬਰੇਜ਼ ਸੰਦੇਸ਼ ਪੜ੍ਹ ਕੇ ਸੁਣਾਇਆ ਗਿਆ।

ਸੈਮੀਨਾਰ ਦਾ ਆਰੰਭ ਕਰਦਿਆਂ ਡਾ. ਮੋਹਨ ਤਿਆਗੀ ਨੇ ਆਪਣੇ ਕੁੰਜੀਵਤ-ਭਾਸ਼ਨ ਵਿਚ ਗੁਰੂ ਨਾਨਕ ਦੇਵ ਜੀ ਨੂੰ ਕਰਮਯੋਗੀ, ਯਥਾਰਥਵਾਦੀ, ਗਰੀਬਾਂ ਦੇ ਸੱਚੇ ਸਾਥੀ ਤੇ ਹਮਦਰਦ ਆਦਿ ਸੰਬੋਧਨਾਂ ਨਾਲ ਸੰਬੋਧਨ ਕਰਦਿਆਂ ਹੋਇਆਂ ਦੇਸ਼-ਵਿਦੇਸ਼ ਵਿਚ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਚਾਰ ਉਦਾਸੀਆਂ ਦੌਰਾਨ ਵੱਖ-ਵੱਖ ਧਰਮਾਂ ਤੇ ਸੰਪਰਦਾਵਾਂ ਦੇ ਆਗੂਆਂ, ਜੋਗੀਆਂ, ਸਿੱਧਾਂ, ਨਾਥਾਂ, ਕਾਜ਼ੀਆਂ, ਮੁੱਲਾਂ ਤੇ ਪੰਡਤਾਂ ਨਾਲ ਸੰਵਾਦ ਰਚਾਉਣ ਦੀ ਗੱਲ ਬੜੇ ਖ਼ੂਬਸੂਰਤ ਸ਼ਬਦਾਂ ਵਿਚ ਕੀਤੀ। ਆਪਣੇ ਸੰਬੋਧਨ ਵਿਚ ਉਨ੍ਹਾਂ ਨੇ ਗੁਰੂ ਨਾਨਕ ਬਾਣੀ ਵਿਚ ਸਚਿਆਰ, ਭੈਅ, ਭਾਉ, ਬਰਾਬਰੀ, ਸਾਂਝੀਵਾਲਤਾ, ਕੁਦਰਤ, ਵਾਤਾਵਰਣ, ਆਦਿ ਦੇ ਵਰਨਣ ਨੂੰ ਬਾਖ਼ੂਬੀ ਉਭਾਰਿਆ ਅਤੇ ਅਜੋਕੇ ਪ੍ਰਸੰਗ ਵਿਚ ਇਨ੍ਹਾਂ ਦੀ ਮਹੱਤਤਾ ਨੂੰ ਬਹੁਤ ਵਧੀਆ ਤਰੀਕੇ ਨਾਲ ਪੇਸ਼ ਕੀਤਾ ਜਿਸ ਨਾਲ ਅਗਲੇ ਬੁਲਾਰਿਆਂ ਨੂੰ ਬੋਲਣ ਲਈ ਸਾਰਥਿਕ ਸੇਧ ਮਿਲੀ।

ਸੈਮੀਨਾਰ ਦੇ ਪਹਿਲੇ ਬੁਲਾਰੇ ਡਾ. ਗੁਰਨਾਮ ਕੌਰ ਨੇ ਆਪਣੇ ਸੰਬੋਧਨ 'ਗੁਰੂ ਨਾਨਕ ਅਤੇ ਨਾਰੀਵਾਦ' ਵਿਚ ਗੁਰੂ ਨਾਨਕ ਦੇਵ ਜੀ ਵੱਲੋਂ ਉਚਾਰੇ ਗਏ ਸ਼ਬਦ "ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ" ਨੂੰ ਆਧਾਰ ਬਣਾਉਂਦਿਆਂ ਕਿਹਾ ਕਿ ਗੁਰੂ ਜੀ ਨੇ ਇਸਤਰੀ ਜਾਤੀ ਦਾ ਭਰਪੂਰ ਸਨਮਾਨ ਕੀਤਾ ਹੈ। ਉਨ੍ਹਾਂ ਗੁਰੂ ਨਾਨਕ ਬਾਣੀ ਵਿਚ ਆਏ ਗ੍ਰਿਹਸਤੀ-ਜੀਵਨ ਅਤੇ ਇਸਤਰੀ-ਜਾਤੀ ਨਾਲ ਸਬੰਧਿਤ ਚਿੰਨ੍ਹਾਂ ਸੋਹਾਗਣ, ਸੋਭਾਵੰਤੀ, ਨਾਰ ਆਦਿ ਦੀ ਵਿਆਖਿਆ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਉਸ ਮਾਲਕ ਪ੍ਰਮਾਤਮਾ ਨੂੰ ਪੁਰਸ਼ ਅਤੇ ਧਰਤੀ ਦੇ ਜੀਵਾਂ (ਮਨੁੱਖਾਂ) ਨੂੰ ਇਸਤਰੀ ਰੂਪ ਵਿਚ ਦਰਸਾਇਆ ਹੈ। ਆਪਣੇ ਸੰਬੋਧਨ ਵਿਚ ਉਨ੍ਹਾਂ ਦਾਈ ਦੌਲਤਾਂ ਤੇ ਗੁਰੂ ਨਾਨਕ ਦੀ ਭੈਣ ਬੇਬੇ ਨਾਨਕੀ ਜੀ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਕਿਹਾ ਕਿ ਉਹ ਬਾਲਕ ਗੁਰੂ ਨਾਨਕ ਨੂੰ ਪਛਾਨਣ ਵਾਲੀਆਂ ਪਹਿਲੀਆਂ ਔਰਤਾਂ ਸਨ। ਦੂਸਰੇ ਬੁਲਾਰੇ ਡਾ. ਸੁਖਦੇਵ ਸਿੰਘ ਝੰਡ ਨੇ ਆਪਣੇ ਪੇਪਰ 'ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਪ੍ਰਸੰਗਿਕਤਾ' ਵਿਚ ਗੁਰੂ ਨਾਨਕ ਦੇਵ ਜੀ ਨੂੰ ਜੀਵਨ ਵਿਚ ਅਧਿਆਤਮਵਾਦੀ ਤੇ ਯਥਾਰਥਵਾਦੀ ਪਹੁੰਚ ਵਾਲਾ 'ਪਰਮ-ਮਨੁੱਖ' ਕਿਹਾ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਉੱਪਰ ਜ਼ੋਰ ਦਿੰਦਿਆਂ ਹੋਇਆਂ ਇਨ੍ਹਾਂ ਦੀ ਅਜੋਕੇ ਯੁੱਗ ਵਿਚ ਸਫ਼ਲਤਾ-ਪੂਰਵਕ ਚੱਲ ਰਹੀ ਲੰਗਰ ਦੀ ਪ੍ਰਥਾ ਅਤੇ 'ਖਾਲਸਾ-ਏਡ', 'ਸੇਵਾ ਫੂਡ', 'ਯੂਨਾਈਟਿਡ ਸਿੱਖਸ', 'ਸਿੱਖ ਨੌਜੁਆਨ ਸਭਾ ਮਲੇਸ਼ੀਆ' ਵਰਗੀਆਂ ਨਿਸ਼ਕਾਮ ਸੇਵਾ-ਸੰਸਥਾਵਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਅਗਲੇ ਬੁਲਾਰੇ ਪਰਮ ਸਰਾਂ ਨੇ ਆਪਣੇ ਪੇਪਰ 'ਗੁਰੂ ਨਾਨਕ ਦੀ ਵਿਚਾਰਧਾਰਾ ਤੇ ਅਸੀਂ' ਵਿਚ ਕਿਹਾ ਕਿ ਅਸੀਂ ਉਨ੍ਹਾਂ ਦੀ ਵਿਚਾਰਧਾਰਾ ਨੂੰ ਭੁੱਲ ਕੇ ਪਤਾ ਨਹੀਂ ਕਿੱਧਰ ਨੂੰ ਜਾ ਰਹੇ ਹਾਂ ਅਤੇ ਆਪਣੇ ਜੀਵਨ ਵਿਚ ਠੋਕਰਾਂ ਖਾ ਰਹੇ ਹਾਂ। ਉਨ੍ਹਾਂ ਬਾਣੀ ਵਿਚ ਗੁਰੂ ਜੀ ਵੱਲੋਂ ਦਿੱਤੀ ਗਈ ਸੇਧ ਉੱਪਰ ਚੱਲਣ 'ਤੇ ਜ਼ੋਰ ਦਿੱਤਾ।

ਸੈਮੀਨਾਰ ਦੇ ਚੌਥੇ ਬੁਲਾਰੇ ਡਾ. ਡੀ.ਪੀ. ਸਿੰਘ ਦੇ ਪੇਪਰ 'ਨਾਨਕ ਬਾਣੀ ਵਿਚ ਸੰਸਾਰ-ਅਮਨ ਤੇ ਸਾਂਝੀ-ਵਾਲਤਾ ਦਾ ਪਰਿਪੇਖ' ਵਿਚ ਉਨ੍ਹਾਂ ਦਾ ਕਹਿਣਾ ਸੀ ਕਿ ਸਾਰੀ ਦੁਨੀਆਂ ਵਿਚ ਇਸ ਸਮੇਂ ਅਮੀਰੀ-ਗ਼ਰੀਬੀ ਦਾ ਵੱਡਾ ਪਾੜਾ ਹੈ ਅਤੇ ਇਹ ਵਿਕਾਸਸ਼ੀਲ ਦੇਸ਼ਾਂ ਵਿਚ ਹੋਰ ਵੀ ਵਧੇਰੇ ਹੈ। ਰਿਸ਼ਵਤਖ਼ੋਰੀ, ਨਸ਼ੇਖ਼ੋਰੀ, ਚੋਰ-ਬਾਜ਼ਾਰੀ ਅਤੇ ਲੁੱਟ-ਖਸੁੱਟ ਅੱਜਕੱਲ੍ਹ ਆਮ ਗੱਲ ਹੈ। ਗੁਰਬਾਣੀ ਦੀਆਂ ਕਈ ਤੁਕਾਂ ਦੇ ਹਵਾਲੇ ਨਾਲ ਉਨ੍ਹਾਂ ਨੇ ਇਨ੍ਹਾਂ ਤੋਂ ਦੂਰ ਰਹਿਣ ਦੀ ਗੱਲ ਬਾਖ਼ੂਬੀ ਕੀਤੀ। ਅਗਲੇ ਬੁਲਾਰੇ ਸੁਰਜੀਤ ਕੌਰ ਨੇ ਆਪਣੇ ਪੇਪਰ 'ਗੁਰੂ ਨਾਨਕ ਬਾਣੀ ਅਤੇ ਫ਼ਲਸਫ਼ੇ ਦੀ ਪ੍ਰਸੰਗਿਕਤਾ' ਵਿਚ ਕਿਹਾ ਕਿ ਅਸੀ ਅੱਜ ਵੀ ਉਸੇ ਤਰ੍ਹਾਂ ਜ਼ਾਤਾਂ-ਪਾਤਾਂ ਤੇ ਧਰਮਾਂ ਵਿਚ ਵੰਡੇ ਹੋਏ ਹਾਂ ਅਤੇ ਕੁਦਰਤ ਦਾ ਨਿਰਾਦਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੀਆਂ ਨਾ-ਲਾਇਕੀਆਂ ਦੇ ਕਾਰਨ ਹੀ ਹਵਾ ਤੇ ਪਾਣੀ ਦੂਸ਼ਿਤ ਹੋ ਰਹੇ ਹਨ ਅਤੇ ਪਾਣੀ ਦੇ ਸਰੋਤ ਸੁੱਕਦੇ ਤੇ ਮੁੱਕਦੇ ਜਾ ਰਹੇ ਹਨ। ਗੁਰੂ ਨਾਨਕ ਦੀ ਬਾਣੀ ਦੀਆਂ ਕਈ ਤੁਕਾਂ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਸਾਨੂੰ ਇਨ੍ਹਾਂ ਤੋਂ ਸੇਧ ਲੈ ਕੇ ਇਨ੍ਹਾਂ ਦੁਸ਼ਵਾਰੀਆਂ ਤੋਂ ਨਿਜਾਤ ਪਾਉਣੀ ਚਾਹੀਦੀ ਹੈ। ਇਸ ਦੌਰਾਨ ਅਮਰੀਕਾ ਦੇ ਵਿਦਵਾਨ ਦਿਲਵੀਰ ਦਿਲ ਨਿੱਜਰ ਨੇ ਜਨਮ-ਸਾਖੀਆਂ ਵਿਚ ਗੁਰੂ ਨਾਨਕ ਨਾਲ ਜੁੜੀਆਂ ਕਰਾਮਾਤਾਂ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਚੇਅਰਪਰਨ ਕਰਨ ਅਜਾਇਬ ਸਿੰਘ ਸੰਘਾ ਨੇ ਗੁਰੂ ਨਾਨਕ ਦੀਆਂ ਸਿੱਖਿਆਵਾਂ ਤੋਂ ਦੂਰ ਹੋਣ ਦੀ ਗੱਲ ਕੀਤੀ, ਜਦ ਕਿ ਪਾਕਿਸਤਾਨੀ ਲੇਖ਼ਕ ਮੁਹੰਮਦ ਖਾਲਿਦ ਨੇ ਪਾਕਿ-ਸਤਾਨ ਵਿਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਗੁਰਦੁਆਰਿਆਂ ਨਾਲ ਸਬੰਧਿਤ ਤਿਆਰ ਕੀਤੀ ਗਈ ਆਪਣੀ ਅਚਿੱਤਰ ਅੰਗਰੇਜ਼ੀ ਪੁਸਤਕ 'ਵਾਕਿੰਗ ਵਿਦ ਨਾਨਕ' ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਸੈਮੀਨਾਰ ਦੀ ਕਾਰਵਾਈ ਨੂੰ ਖ਼ੂਬਸੂਰਤੀ ਨਾਲ ਸਮੇਟਦਿਆਂ ਹੋਇਆਂ ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਸਾਰੇ ਹੀ ਬੁਲਾਰਿਆਂ ਨੇ ਆਪਣੇ ਵਿਚਾਰ ਬੜੇ ਵਧੀਆ ਢੰਗ ਨਾਲ ਪੇਸ਼ ਕੀਤੇ ਹਨ। ਉਨ੍ਹਾਂ ਕਿਹਾ ਕਿ ਬੇਸ਼ਕ ਹਰੇਕ ਬੁਲਾਰੇ ਦਾ ਨਜ਼ਰੀਆ ਅਤੇ ਕਹਿਣ ਦਾ ਤਰੀਕਾ ਆਪੋ-ਆਪਣਾ ਹੁੰਦਾ ਹੈ ਪਰ ਉਨ੍ਹਾਂ ਦੇ ਵਿਚਾਰ ਗੁਰੂ ਜੀ ਦੀਆਂ ਸਿੱਖਿਆਵਾਂ ਦੇ ਇਰਦ-ਗਿਰਦ ਹੀ ਰਹੇ ਹਨ। ਉਨ੍ਹਾਂ ਆਪਣੇ ਦੋ ਵਾਰ ਪਾਕਿਸਤਾਨ ਜਾ ਕੇ ਨਨਕਾਣਾ ਸਾਹਿਬ ਦੀ ਧਰਤੀ ਨੂੰ ਨਤਮ-ਸਤਿਕ ਹੋਣ ਦੀ ਗੱਲ ਬੜੇ ਖ਼ੂਬਸੂਰਤ ਸ਼ਬਦਾਂ ਵਿਚ ਕਹੀ ਅਤੇ ਗੁਰੂ ਜੀ ਦੀਆਂ ਚੌਹਾਂ ਉਦਾਸੀਆਂ ਦੌਰਾਨ ਭਾਈ ਮਰਦਾਨੇ ਦੇ ਡੂੰਘੇ ਸਾਥ ਤੇ ਚੌਥੀ ਉਦਾਸੀ ਦੇ ਅਖ਼ੀਰਲੇ ਸਮੇਂ ਉਸ ਦੇ ਸਾਥ ਦੇ ਛੱਡ ਜਾਣ ਦਾ ਬਿਆਨ ਬੜੇ ਭਾਵੁਕ ਸ਼ਬਦਾਂ ਵਿਚ ਕੀਤਾ। ਉਨ੍ਹਾਂ ਕਿਹਾ ਕਿ ਕਿੰਨੀ ਵਿਡੰਬਨਾ ਦੀ ਗੱਲ ਹੈ ਕਿ ਭਾਈ ਮਰਦਾਨਾ ਜੋ ਏਨਾ ਲੰਮਾਂ ਸਮਾਂ ਗੁਰੂ ਜੀ ਦੇ ਸ਼ਬਦਾਂ ਨੂੰ ਰਬਾਬ ਨਾਲ ਸੰਗੀਤਕ ਸਾਥ ਦਿੰਦਾ ਰਿਹਾ, ਦੇ ਵਾਰਸਾਂ ਨੂੰ ਅੱਜ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਨ ਦੀ ਆਗਿਆ ਨਹੀਂ ਹੈ।

ਸੈਮੀਨਾਰ ਵਾਲੇ ਇਸ ਭਾਗ ਦਾ ਸੰਚਾਲਨ ਡਾ. ਅਮਰਦੀਪ ਸਿੰਘ ਬਿੰਦਰਾ ਵੱਲੋਂ ਬੜੇ ਸੁਚੱਜੇ ਢੰਗ ਨਾਲ ਕੀਤਾ ਗਿਆ। ਇਸ ਦੌਰਾਨ ਵਿਸ਼ਵ ਪੰਜਾਬੀ ਕਾਨਫ਼ਰੰਸ ਵੱਲੋਂ 22 ਤੇ 23 ਜੂਨ 2019 ਨੂੰ ਬਰੈਂਪਟਨ ਵਿਚ ਕਰਵਾਈ ਗਈ 'ਦੋ-ਦਿਨਾਂ ਵਿਸ਼ਵ ਪੰਜਾਬੀ ਕਾਨਫ਼ਰੰਸ' ਵਿਚ ਪੜ੍ਹੇ ਗਏ ਖੋਜ-ਪੱਤਰਾਂ ਨੂੰ ਡਾ. ਮੋਹਨ ਤਿਆਗੀ ਅਤੇ ਡਾ. ਕੰਵਰ ਜਸਮਿੰਦਰਪਾਲ ਸਿੰਘ ਵੱਲੋਂ ਸੰਪਾਦਿਤ ਕਰਕੇ ਤਿਆਰ ਕੀਤੀ ਗਈ ਖ਼ੂਬਸੂਰਤ ਪੁਸਤਕ 'ਗੁਰੂ ਨਾਨਕ ਬਾਣੀ : ਚਿੰਤਨ, ਸਿਧਾਂਤ ਤੇ ਵਿਹਾਰ' ਲੋਕ-ਅਰਪਿਤ ਕੀਤੀ ਗਈ। ਇਸ ਦੇ ਨਾਲ ਹੀ ਮਹੀਨਾਵਾਰ ਰਿਸਾਲੇ 'ਅੱਖਰ' ਦਾ ਅਕਤੂਬਰ ਅੰਕ ਵੀ ਰੀਲੀਜ਼ ਕੀਤਾ ਗਿਆ।

ਸਮਾਗ਼ਮ ਦੇ ਤੀਸਰੇ ਭਾਗ ਵਿਚ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼-ਉਤਸਵ ਨੂੰ ਸਮੱਰਪਿਤ ਕਵੀ-ਦਰਬਾਰ ਹੋਇਆ ਜਿਸ ਵਿਚ ਦੇਸ਼-ਵਿਦੇਸ਼ ਤੋਂ ਆਏ ਕਵੀਆਂ/ਕਵਿੱਤਰੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਸ ਦੌਰਾਨ ਪ੍ਰਧਾਨਗੀ-ਮੰਡਲ ਵਿਚ ਅਮਰੀਕਾ ਤੋਂ ਉਚੇਚੇ ਤੌਰ 'ਤੇ ਆਏ ਕਵੀ ਰਵਿੰਦਰ ਸਹਿਰਾਅ, ਭਾਰਤ ਤੋਂ ਆਈ ਕਵਿੱਤਰੀ ਮਨਜੀਤ ਇੰਦਰਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਮੋਹਨ ਤਿਆਗੀ, ਅਮਰੀਕਾ ਤੋਂ ਆਏ ਦਿਲਵੀਰ ਦਿਲ ਨਿੱਜਰ, ਡਾ. ਸੁਖਦੇਵ ਸਿੰਘ ਝੰਡ, ਪ੍ਰੋ. ਜਗੀਰ ਸਿੰਘ ਕਾਹਲੋਂ ਤੇ ਸ਼ਾਇਰ ਮਲਵਿੰਦਰ ਸ਼ਾਮਲ ਸਨ। ਮਨਜੀਤ ਇੰਦਰਾ ਦੀ ਤਰੰਨਮ ਵਿਚ ਗਾਈ ਕਵਿਤਾ 'ਸੰਧਿਆ ਵੇਲੇ ਠਾਕਰ ਦੁਆਰੇ, ਕੋਈ ਦੀਪ ਧਰੇ' ਅਤੇ ਰਵਿੰਦਰ ਸਹਿਰਾਅ ਦੀ ਕਵਿਤਾ 'ਨਾਨਕ ਤੂੰ ਸਾਥੋਂ ਰੁੱਸਿਆ ਰੁੱਸਿਆ ਕਿਉਂ ਹੈ' ਤਾਂ ਸਰੋਤਿਆਂ ਨੂੰ ਇਕ ਤਰ੍ਹਾਂ ਕੀਲ ਗਈਆਂ ਲੱਗਦੀਆਂ ਸਨ। ਪ੍ਰਧਾਨਗੀ-ਮੰਡਲ ਵਿਚਲੇ ਹੋਰ ਕਵੀਆਂ ਤੋਂ ਇਲਾਵਾ ਇਸ ਕਵੀ-ਦਰਬਾਰ ਵਿਚ ਵਿਚ ਅਮਰਜੀਤ ਪੰਛੀ, ਪ੍ਰੀਤਮ ਧੰਜਲ, ਗੁਰ-ਦੇਵ ਚੌਹਾਨ, ਪਰਮਜੀਤ ਢਿੱਲੋਂ, ਹਰਮੇਸ਼, ਸੁਰਿੰਦਰਜੀਤ, ਜਤਿੰਦਰ ਰੰਧਾਵਾ, ਪਿਆਰਾ ਸਿੰਘ ਕੁੱਦੋਵਾਲ, ਹਰਦਿਆਲ ਝੀਤਾ, ਮੱਲ ਸਿੰਘ ਬਾਸੀ, ਅਵਤਾਰ ਸਿੰਘ ਅਰਸ਼ੀ, ਇਕਬਾਲ ਛੀਨਾ, ਅਨੂਪ ਬਬਰਾ, ਅਜਮੇਰ ਪ੍ਰਦੇਸੀ, ਹਰਜਿੰਦਰ ਸਿੰਘ ਭਸੀਨ ਸਮੇਤ 40 ਕਵੀਆਂ/ਕਵਿੱਤਰੀਆਂ ਨੇ ਭਾਗ ਲਿਆ ਜਿਸ ਦਾ ਸੰਚਾਲਨ ਕਵਿੱਤਰੀ ਸੁਰਜੀਤ ਕੌਰ ਵੱਲੋਂ ਬਾਖ਼ੂਬੀ ਕੀਤਾ ਗਿਆ। ਅਖ਼ੀਰ ਵਿਚ ਇਸ ਸੈਮੀਨਾਰ ਦੇ ਮੁੱਖ-ਪ੍ਰਬੰਧਕਾਂ ਸਰਪ੍ਰਸਤ ਗਿਆਨ ਸਿੰਘ ਕੰਗ ਅਤੇ ਪ੍ਰਧਾਨ ਕਮਲਜੀਤ ਸਿੰਘ ਲਾਲੀ ਕਿੰਗ ਵਿੱਲੋਂ ਸੈਮੀਨਾਰ ਵਿਚ ਭਾਗ ਲੈਣ ਵਾਲੇ ਸਮੂਹ ਬੁਲਾਰਿਆਂ ਅਤੇ ਕਵੀਆਂ/ਕਵਿੱਤਰੀਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

# 'ਇੱਜ਼ਤਨਗਰ ਕੀ ਅਸੱਭਿਆ ਬੇਟੀਆਂ' ਨੂੰ ਬਰੈਂਪਟਨ ਦੇ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ

## ਫ਼ਿਲਮ-ਮੇਕਰ ਨਕੁਲ ਸਾਹਨੀ ਤੇ ਪ੍ਰਗਤੀਸ਼ੀਲ ਲੇਖਕ ਰਵਿੰਦਰ ਸਹਿਰਾਅ ਦਾ ਸਨਮਾਨ





ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 24 ਨਵੰਬਰ ਨੂੰ ਐੱਫ.ਬੀ.ਆਈ. ਸਕੂਲ ਦੇ ਜਿੰਮ ਹਾਲ ਵਿਚ ਮਸ਼ਹੂਰ ਫ਼ਿਲਮ-ਸਾਜ਼ ਨਕੁਲ ਸਿੰਘ ਸਾਹਨੀ ਵੱਲੋਂ ਤਿਆਰ ਕੀਤੀ ਗਈ ਗਿਆਨ-ਭਰਪੂਰ ਡਾਕੂਮੈਂਟਰੀ ਫ਼ਿਲਮ 'ਇੱਜ਼ਤਨਗਰੀ ਕੀ ਅਸੱਭਿਆ ਬੇਟੀਆਂ' ਦਾ ਸਫ਼ਲ ਪ੍ਰਦਰਸ਼ਨ ਕੀਤਾ ਗਿਆ ਜਿਸ ਦੀ ਬਰੈਂਪਟਨ ਦੇ 100 ਤੋਂ ਵਧੇਰੇ ਗੰਭੀਰ ਦਰਸ਼ਕਾਂ ਵੱਲੋਂ ਭਰਪੂਰ ਸਰਾਹਨਾ ਕੀਤੀ ਗਈ।

ਲੱਗਭੱਗ ਦੋ ਘੰਟੇ ਦੀ ਇਹ ਫ਼ਿਲਮ ਭਾਰਤ ਦੇ ਸੂਬੇ ਹਰਿਆਣਾ ਵਿਚ ਅਣ-ਅਧਿਕਾਰਿਤ ਤੌਰ 'ਤੇ ਆਪੂੰ ਬਣੀਆਂ 'ਖਾਪ ਪੰਚਾਇਤਾਂ' ਜਿਨ੍ਹਾਂ ਨੂੰ ਦੇਸ਼ ਦੀ ਸੁਪਰੀਮ ਕੋਰਟ ਵੱਲੋਂ ਗ਼ੈਰ-ਕਾਨੂੰਨੀ ਕਰਾਰ ਦਿੱਤਾ ਜਾ ਚੁੱਕਾ ਹੈ, ਵੱਲੋਂ ਆਪਣੀ ਜ਼ਾਤ-ਬਰਾਦਰੀ ਤੋਂ ਬਾਹਰ ਦੂਸਰੀਆਂ ਜ਼ਾਤਾਂ ਤੇ ਬਰਾਦਰਦੀਆਂ ਵਿਚ ਪ੍ਰੇਮ-ਵਿਆਹ ਕਰਵਾਉਣ ਵਾਲੇ ਲੜਕੇ-ਲੜਕੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਮਾਜਿਕ-ਬਾਈਕਾਟ ਤੇ ਹੋਰ ਸਜ਼ਾਵਾਂ ਅਤੇ ਉਨ੍ਹਾਂ ਦੇ ਮਾਪਿਆਂ ਤੇ ਰਿਸ਼ਤੇਦਾਰਾਂ ਵੱਲੋਂ ਇੱਜ਼ਤ ਦੀ ਖ਼ਾਤਰ ਕੀਤੇ ਜਾ ਰਹੇ ਕਤਲਾਂ ਦੀਆਂ ਘਟਨਾਵਾਂ ('ਆੱਨਰ-ਕਿਲਿੰਗਜ਼') ਦੇ ਇਰਦ-ਗਿਰਦ ਘੁੰਮਦੀ ਹੈ। ਫ਼ਿਲਮ ਵਿਚ ਪੰਜ ਅਜਿਹੇ ਕੇਸਾਂ ਦਾ ਵਿਸਥਾਰ-ਸਹਿਤ ਵਰਨਣ ਕੀਤਾ ਗਿਆ ਹੈ। ਸੱਭ ਤੋਂ ਪਹਿਲੀ ਇਸ ਸੂਬੇ ਦੀ ਲੜਕੀ ਸੀਮਾ ਦੀ ਕਹਾਣੀ ਹੈ ਜਿਸ ਦੇ ਭਰਾ ਮਨੋਜ ਤੇ ਉਸ ਦੀ ਪਤਨੀ ਬਬਲੀ ਨੂੰ ਆਪਣੇ ਹੀ ਗੋਤਰ ਵਿਚ ਵਿਆਹ ਕਰਵਾਉਣ ਕਰਕੇ ਕਤਲ ਕਰ ਦਿੱਤਾ ਗਿਆ ਸੀ। ਦੂਸਰੀ ਕਹਾਣੀ ਰੋਹਤਕ ਦੇ ਮੁਕੇਸ਼ ਦੀ ਹੈ ਜੋ ਇਸ 'ਆੱਨਰ-ਕਿਲਿੰਗ' ਦਾ ਸ਼ਿਕਾਰ ਹੋਇਆ। ਫਿਰ ਇਕ ਹੋਰ ਜਾਟ ਲੜਕੀ ਮੋਨਿਕਾ ਜਿਸ ਨੇ ਦਿੱਲੀ ਦੇ ਗੌਰਵ ਸੈਣੀ ਨਾਲ ਵਿਆਹ ਕਰਵਾਇਆ, ਦੀ ਸੰਘਰਸ਼ਮਈ ਕਹਾਣੀ ਸ਼ੁਰੂ ਹੁੰਦੀ ਹੈ। ਏਸੇ ਤਰ੍ਹਾਂ ਦੋ-ਤਿੰਨ ਹੋਰ ਅਜਿਹੀਆਂ ਘਟਨਾਵਾਂ ਨੂੰ ਫ਼ਿਲਮ ਵਿਚ ਬੜੀ ਖ਼ੂਬਸੂਰਤੀ ਨਾਲ ਵਿਖਾਇਆ ਗਿਆ ਹੈ। ਫ਼ਿਲਮ ਵਿਚ ਦਿੱਲੀ ਯੂਨੀਵਰਸਿਟੀ ਦੀ ਵਿਦਿਆਰਣ ਗੀਤਿਕਾ ਇਨ੍ਹਾਂ 'ਆੱਨਰ-ਕਿਲਿੰਗਜ਼' ਬਾਰੇ ਪਿੰਡਾਂ ਵਿਚ ਨੁੱਕੜ-ਨਾਟਕ ਕਰਕੇ ਲੋਕਾਂ ਨੂੰ ਇਨ੍ਹਾਂ ਦੇ ਪ੍ਰਤੀ ਜਾਗਰੂਕ ਕਰਦੀ ਹੈ। ਇਕ ਹੋਰ ਪਾਤਰ ਅੰਜਲੀ ਜੋ 'ਆੱਨਰ ਕਿਲਿੰਗਜ਼' ਦੇ ਇਸ ਗੰਭੀਰ ਵਿਸ਼ੇ ਉੱਪਰ ਆਪਣਾ ਐੱਮ.ਫ਼ਿਲ. ਦਾ ਥੀਸਿਸ ਕਰ ਰਹੀ ਹੈ, ਅਨੁਸਾਰ ਵਿੱਦਿਆ ਦਾ ਚਾਨਣ ਅਤੇ ਲੋਕਾਂ ਵਿਚ ਇਸ ਪ੍ਰਤੀ ਜਾਗਰੂਕਤਾ ਹੀ ਇਸ ਸਮੱਸਿਆ ਦਾ ਸਹੀ ਹੱਲ ਹੈ।

ਫ਼ਿਲਮ ਸ਼ੁਰੂ ਕਰਨ ਤੋਂ ਪਹਿਲਾਂ ਤਰਕਸ਼ੀਲ ਸੋਸਾਇਟੀ ਆਫ਼ ਅਮੈਰਿਕਾ ਦੇ ਕੋਆਰਡੀਨੇਟਰ ਬਲਦੇਵ ਰਹਿਪਾ ਅਤੇ ਫ਼ਿਲਮ ਦੇ ਪ੍ਰੋਡਿਊਸਰ ਤੇ ਡਾਇਰੈੱਕਟਰ ਨਕੁਲ ਸਿੰਘ ਸਾਹਨੀ ਵੱਲੋਂ ਇਸ ਦੇ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ। ਅਖ਼ੀਰ ਵਿਚ ਇਸ ਸੋਸਾਇਟੀ ਅਤੇ ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਨਕੁਲ ਸਾਹਨੀ ਅਤੇ ਅਮਰੀਕਾ ਤੋਂ ਆਏ ਪ੍ਰਗਤੀਸ਼ੀਲ ਲੇਖਕ ਵਰਿੰਦਰ ਸਹਿਰਾਅ ਨੂੰ ਖ਼ੂਬਸੂਰਤ ਪਲੇਕਸ ਦੇ ਕੇ ਸਨਮਾਨਿਤ ਕੀਤਾ ਗਿਆ।

# ਅੰਮ੍ਰਿਤਸਰ-ਲੰਡਨ ਸਿੱਧੀ ਉਡਾਣ ਸ਼ੁਰੂ ਹੋਣ 'ਤੇ ਲੰਡਨ ਦੇ ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਗੁਰਦੁਆਰਾ ਵਿਖੇ ਕੀਤਾ ਸ਼ੁਕਰਾਨਾ

## ਐਮ.ਪੀ. ਤਨਮਨਜੀਤ ਸਿੰਘ ਢੇਸੀ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਗੁਮਟਾਲਾ ਦਾ ਸਨਮਾਨ



ਲੰਡਨ, 25 ਨਵੰਬਰ (ਪੋਸਟ ਬਿਊਰੋ): ਬੀਤੇ ਦਿਨੀਂ ਏਅਰ ਇੰਡੀਆ ਵੱਲੋਂ ਅੰਮ੍ਰਿਤਸਰ ਤੋਂ ਲੰਡਨ ਦੇ ਸਟੈਨਸਟੇਡ ਹਵਾਈ ਅੱਡੇ ਲਈ ਸ਼ੁਰੂ ਹੋਈ ਸਿੱਧੀ ਉਡਾਣ ਦੇ ਸ਼ੁਕਰਾਨੇ ਵਜੋਂ ਵੱਖ-ਵੱਖ ਆਗੂ ਜਿਨ੍ਹਾਂ ਵਿਚ ਤਨਮਨਜੀਤ ਸਿੰਘ ਢੇਸੀ, ਸਮੀਪ ਸਿੰਘ ਗੁਮਟਾਲਾ ਆਦਿ ਸ਼ਾਮਲ ਸਨ ਸ਼ੁਕਰਾਨੇ ਵਜੋਂ ਲੰਡਨ ਦੇ ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਗੁਰੂ ਘਰ ਨਕਮਸਤਕ ਹੋਏ। ਯੂ. ਕੇ. ਦੇ ਬਹੁਤ ਸਾਰੇ ਗੁਰੂ ਘਰਾਂ ਜਿਸ ਵਿਚ ਸ੍ਰੀ ਗੁਰੂ ਸਿੰਘ ਸਭਾ ਵੀ ਸ਼ਾਮਲ ਹੈ, ਵੱਲੋਂ ਲੰਡਨ-ਅੰਮ੍ਰਿਤਸਰ ਸਿੱਧੀਆਂ ਉਡਾਣਾਂ ਲਈ ਪਿਛਲੇ ਕੁੱਝ ਸਾਲਾਂ ਤੋਂ ਸ਼ੁਰੂ ਕੀਤੀ ਗਈ ਮੁਹਿੰਮ ਦੀ ਭਰਵੀਂ ਹਮਾਇਤ ਕੀਤੀ ਗਈ ਸੀ।

ਇਸ ਮੌਕੇ ਗੁਰੂ ਘਰ ਦੇ ਮੁੱਖ ਸੇਵਾਦਾਰ ਗੁਰਮੇਲ ਸਿੰਘ ਮੱਲੀ ਨੇ ਕਿਹਾ ਕਿ ਲੰਡਨ ਦੀ ਸੰਗਤ ਬਹੁਤ ਹੀ ਲੰਮੇ ਸਮੇਂ ਤੋਂ ਗੁਰੂ ਕੀ ਨਗਰੀ ਅੰਮ੍ਰਿਤਸਰ ਲਈ ਸਿੱਧੀ ਉਡਾਣ ਸ਼ੁਰੂ ਹੋਣ ਲਈ ਆਸਵੰਦ ਸੀ। ਦੇਸ਼-ਵਿਦੇਸ਼ ਤੋਂ ਇਸ ਉਡਾਣ ਨੂੰ ਸ਼ੁਰੂ ਕਰਾਉਣ ਲਈ ਬਹੁਤ ਹੀ ਲੰਮੇ ਸਮੇਂ ਤੋਂ ਉਪਰਾਲੇ ਕੀਤੇ ਗਏ ਜਿਸ ਵਿਚ ਸਲੋਅ ਦੇ ਮੈਂਬਰ ਪਾਰਲੀਮੈਂਟ ਸ. ਤਨਮਨਜੀਤ ਸਿੰਘ ਢੇਸੀ, ਫਲਾਈ ਅੰਮ੍ਰਿਤਸਰ ਮੁਹਿੰਮ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ, ਸੇਵਾ ਟਰੱਸਟ ਯੂ.ਕੇ. ਦੇ ਚੇਅਰਮੈਨ ਕੌਂਸਲਰ ਸ. ਚਰਨ ਕੰਵਲ ਸਿੰਘ ਸੇਖੋਂ ਦਾ ਵੀ ਖਾਸ ਯੋਗਦਾਨ ਰਿਹਾ। ਉਹਨਾਂ ਇਹਨਾਂ ਆਗੂਆਂ ਸਮੇਤ ਭਾਰਤ ਸਰਕਾਰ ਦਾ ਵੀ ਧੰਨਵਾਦ ਕੀਤਾ ਅਤੇ ਲੰਡਨ ਦੇ ਹੀਥਰੋ ਹਵਾਈ ਅੱਡੇ ਤੋਂ ਵੀ ਉਡਾਣ ਦੇ ਸ਼ੁਰੂ ਹੋਣ ਲਈ ਵੀ ਉਮੀਦ ਜਤਾਈ।

ਸਲੋਅ ਦੇ ਮੈਂਬਰ ਪਾਰਲੀਮੈਂਟ ਸ. ਤਨਮਨਜੀਤ ਸਿੰਘ ਢੇਸੀ ਨੇ ਸੰਗਤ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਉਹ ਲੰਮੇ ਸਮੇਂ ਤੋਂ ਯਤਨਸ਼ੀਲ ਹਨ ਕਿ ਲੰਡਨ ਤੋਂ ਅੰਮ੍ਰਿਤਸਰ ਲਈ ਸਿੱਧੀ ਉਡਾਣ ਸ਼ੁਰੂ ਹੋਵੇ। ਬਜ਼ੁਰਗਾਂ ਤੇ ਬੱਚਿਆਂ ਖ਼ਾਸ ਕਰਕੇ ਤੇ ਆਮ ਯਾਤਰੂਆਂ ਨੂੰ ਇਸ ਨਾਲ ਹੁਣ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਤੇ ਪੰਜਾਬ ਆਉਣ ਜਾਣ ਵਿੱਚ ਆਸਾਨੀ ਹੋਵੇਗੀ। ਉਨ੍ਹਾਂ ਕਿਹਾ ਕਿ ਸਾਡੀ ਇਹ ਮੰਗ ਸੀ ਕਿ ਹੀਥਰੋ ਤੋਂ ਸਿੱਧੀ ਉਡਾਣ ਸ਼ੁਰੂ ਹੋਵੇ ਪਰ ਇਹ ਜਾਣਕਾਰੀ ਮਿਲੀ ਹੈ ਕਿ ਉੱਥੇ ਸਲਾਟ ਨਾ ਮਿਲਣ ਕਰਕੇ ਉਡਾਣ ਸ਼ੁਰੂ ਨਹੀਂ ਹੋ ਸਕੀ।

ਉਹਨਾਂ ਭਾਰਤ ਸਰਕਾਰ, ਏਅਰ ਇੰਡੀਆਂ ਦਾ ਧੰਨਵਾਦ ਕਰਦਿਆਂ ਉਮੀਦ ਜਾਹਿਰ ਕੀਤੀ ਕਿ ਭਵਿੱਖ ਵਿਚ ਲੰਡਨ ਹੀਥਰੋ ਲਈ ਵੀ ਉਡਾਣ ਸ਼ੁਰੂ ਹੋ ਸਕੇਗੀ। ਇਸ ਲਈ ਉਹਨਾਂ ਨੇ ਯੂ.ਕੇ. ਦੀ ਸਰਕਾਰ ਦੇ ਮੰਤਰੀਆਂ ਨਾਲ ਵੀ ਮੀਟਿੰਗਾਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸਮੀਪ ਸਿੰਘ ਗੁਮਟ-ਾਲਾ, ਚਰਨ ਕੰਵਲ ਸਿੰਘ ਸੇਖੋਂ, ਤੇ ਕਈ ਹੋਰਨਾਂ ਦੀਆਂ ਕੋਸ਼ਿਸ਼ਾਂ ਸਦਕਾ ਪਹਿਲਾਂ ਬਰਮਿੰਘਮ ਉਡਾਣ ਸ਼ੁਰੂ ਹੋਈ ਸੀ ਤੇ ਹੁਣ ਇਹ ਉਡਾਣ ਸ਼ੁਰੂ ਹੋਈ ਹੈ।

ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਅਤੇ ਫਲਾਈ ਅੰਮ੍ਰਿਤਸਰ ਇਨੀਸ਼ਿਏਟਿਵ (ਉਪਰਾਲੇ) ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਜੋ ਕਿ ਅਮਰੀਕਾ ਵਾਸੀ ਹਨ ਨੇ ਇਸ ਉਡਾਣ ਲਈ ਲੰਡਨ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਉਡਾਣ ਨੂੰ ਵੱਧ ਤੋਂ ਵੱਧ ਸਫ਼ਲ ਬਨਾਉਣ ਤਾਂ ਜੋ ਇਨ੍ਹਾਂ ਵਧੀਆਂ ਅੰਕੜਿਆਂ ਨਾਲ ਹੀਥਰੋ ਉਡਾਣ ਲਈ ਹਵਾਈ ਕੰਪਨੀਆਂ ਨਾਲ ਗੱਲਬਾਤ ਕੀਤੀ ਜਾ ਸਕੇ। ਉਹਨਾਂ ਲੰਡਨ ਦੀ ਫੇਰੀ ਸਮੇਂ ਸੰਗਤ ਵਲੋਂ ਮਿਲੇ ਪਿਆਰ ਤੇ ਮਾਨ ਸਤਿਕਾਰ ਲਈ ਉਹਨਾਂ ਦਾ ਧੰਨਵਾਦ ਕੀਤਾ।


ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸ. ਤਨਮਨਜੀਤ ਸਿੰਘ ਢੇਸੀ ਤੇ ਸਮੀਪ ਸਿੰਘ ਗੁਮਟਾਲਾ ਦੇ ਇਸ ਉਡਾਣ ਨੂੰ ਸ਼ੁਰੂ ਕਰਾਉਣ ਦੇ ਉਪਰਾਲਿਆਂ ਲਈ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

# ਕੀ ਅਯੁੱਧਿਆ ਕੇਸ ਵਿੱਚ ਦਿੱਤਾ ਫੈਸਲਾ ਠੋਸ ਅਤੇ ਆਸਾਨ ਹੈ

-ਕਰਣ ਥਾਪਰ

ਸੁਪਰੀਮ ਕੋਰਟ ਦੇ ਫੈਸਲੇ ਆਸਾਨ ਅਤੇ ਪ੍ਰਭਾਵਸ਼ਾਲੀ ਹੋਣੇ ਚਾਹੀਦੇ ਹਨ। ਇਨ੍ਹਾਂ ਦੋਵਾਂ ਵਿਸ਼ੇਸ਼ਤਾਵਾਂ ਉੱਤੇ ਮੇਰਾ ਧਿਆਨ ਕੇਂਦਰਿਤ ਰਹੇਗਾ। ਇਨ੍ਹਾਂ ਦੋਵਾਂ ਦੇ ਬਿਨਾਂ ਫੈਸਲੇ ਸੱਚਾਈ ਦੇ ਅਹਿਸਾਸ ਤੋਂ ਬਿਨਾਂ ਅਤੇ ਅਧੂਰੇ ਮੰਨੇ ਜਾਣਗੇ। ਬਾਬਰੀ ਮਸਜਿਦ-ਰਾਮ ਜਨਮ ਭੂਮੀ ਵਿਵਾਦ 'ਤੇ ਹਾਲ ਹੀ ਵਿੱਚ ਆਏ ਫੈਸਲਿਆਂ ‘ਤੇ ਇਹ ਕਿਸ ਹੱਦ ਤੱਕ ਲਾਗੂ ਹੁੰਦੀ ਹੈ, ਅਸੀਂ ਇਹ ਦੇਖਣਾ ਹੈ।






ਸੁਪਰੀਮ ਕੋਰਟ ਨੇ ਇਸ ਫੈਸਲੇ ਦੇ ਪੈਰਾ ਨੰਬਰ 796 ਵਿੱਚ ਦੱਸਿਆ ਕਿ ਕਿਵੇਂ ਇਸ ਫੈਸਲਾ ਦਿੱਤਾ ਗਿਆ ਹੈ। ਇਹ ਵਿਵਾਦ ਅਚੱਲ ਜਾਇਦਾਦ 'ਤੇ ਹੈ। ਕੋਰਟ ਨੇ ਆਪਣਾ ਫੈਸਲਾ ਧਰਮ ਅਤੇ ਵਿਸ਼ਵਾਸ ਦੇ ਆਧਾਰ ਉੱਤੇ ਨਹੀਂ ਦਿੱਤਾ, ਸਗੋਂ ਸਬੂਤਾਂ ਦੇ ਆਧਾਰ 'ਤੇ ਦਿੱਤਾ ਗਠ। ਅਸੀਂ ਉਨ੍ਹਾਂ ਸਬੂਤਾਂ 'ਤੇ ਨਜ਼ਰ ਦੌੜਾਵਾਂਗੇ ਅਤੇ ਇਹ ਵੀ ਪੁੱਛਾਂਗੇ ਕਿ ਕੀ ਇਹ ਸਬੂਤ ਜਕੜਨ ਵਾਲੇ ਜਾਂ ਅਖੰਡ ਹਨ। ਕੋਰਟ ਨੇ ਮੰਨਿਆ ਹੈ ਕਿ ਹਿੰਦੂਆਂ ਅਤੇ ਮੁਸਲਮਾਨਾਂ ਨੇ 1857 ਤੋਂ ਬਾਅਦ ਸਬੂਤ ਪੇਸ਼ ਕੀਤਾ ਹੈ। ਉਸ ਤੋਂ ਪਹਿਲਾਂ ਦੇ ਸਮੇਂ ਬਾਰੇ ਕੋਰਟ ਨੇ ਕਿਹਾ ਹੈ ਕਿ ਪ੍ਰਧਾਨਤਾ ਦੀਆਂ ਸੰਭਾਵਨਾਵਾਂ ਹਨ। ਅਜਿਹਾ ਸਬੂਤ ਹੈ ਕਿ ਉਥੇ ਹਿੰਦੂ ਅੰਦਰੂਨੀ ਢਾਂਚੇ ਵਿੱਚ ਪੂਜਾ ਕਰਦੇ ਰਹੇ ਹਨ। ਇਹ ਮੁਸਲਮਾਨਾਂ ਦੇ ਮਾਮਲੇ ਵਿੱਚ ਦਿਖਾਈ ਨਹੀਂ ਦਿੰਦਾ। ਉਨ੍ਹਾਂ ਕੋਲ ਮਸਜਿਦ ਦੇ ਬਣਨ ਤੋਂ ਲੈ ਕੇ 1856-57 ਦੌਰਾਨ ਨਮਾਜ਼ ਪੜ੍ਹਨ ਦਾ ਲੇਖਾ-ਜੋਖਾ ਨਹੀਂ ਅਤੇ ਨਾ ਹੀ ਉਸ ਸਮੇਂ ਮਸਜਿਦ 'ਚ ਨਮਾਜ਼ ਦਾ ਕੋਈ ਸਬੂਤ ਮਿਲਦਾ ਹੈ।

ਮੇਰੇ ਖਿਆਲ ਨਾਲ ਦਿੱਕਤ ਦੀ ਸ਼ੁਰੂਆਤ ਇਥੋਂ ਹੁੰਦੀ ਹੈ। ਨਮਾਜ਼ ਅਦਾ ਕਰਨ ਦੇ ਕੋਈ ਸਬੂਤ ਨਾ ਹੋਣ ਦੇ ਦਾਅਵੇ ਬਾਰੇ ਕੋਰਟ ਨੇ ਮੰਨਿਆ ਕਿ 450 ਸਾਲਾਂ ਤੋਂ ਇੱਕ ਮਸਜਿਦ ਮੌਜੂਦ ਸੀ। ਇਸ ਲਈ ਜੇ ਇਹ ਮਸਜਿਦ ਨਹੀਂ ਸੀ ਤਾਂ ਫਿਰ ਉਥੇ ਨਮਾਜ਼ ਅਦਾ ਨਹੀਂ ਕੀਤੀ ਜਾਂਦੀ ਸੀ? ਜੇ 1428 ਅਤੇ 1857 ਵਿਚਾਲੇ ਦਾ ਸਬੂਤ ਨਹੀਂ ਤਾਂ ਕੋਰਟ ਅਨੁਸਾਰ ਇਹ ਦਾਅਵਾ ਕਰਨਾ ਦੱਸਦਾ ਹੈ ਕਿ ਮਸਜਿਦ ਦੀ 325 ਸਾਲਾਂ ਤੱਕ ਗੈਰ ਵਰਤੋਂ ਹੋਈ ਤੇ ਇਹ ਮ੍ਰਿਤ ਸੀ ਅਤੇ ਜੇ ਇਹ ਲਾਗੂ ਹੁੰਦਾ ਹੈ ਤਾਂ ਫਿਰ ਇਹ ਮੰਨ ਲਿਆ ਜਾਵੇ ਕਿ ਕੋਰਟ ਅਨੁਸਾਰ ਮਸਜਿਦ ਦੀ ਵਰਤੋਂ 1857 ਤੋਂ ਬਾਅਦ ਇਸਲਾਮ ਦੀ ਪੂਜਾ ਲਈ ਕੀਤੀ ਜਾਂਦੀ ਸੀ, ਪਰ ਇਨ੍ਹਾਂ ਸਵਾਲਾਂ ਦੇ ਜਵਾਬ ਨਹੀਂ ਦਿੱਤੇ ਗਏ।

ਇਸ ਤੋਂ ਅੱਗੇ ਇੱਕ ਹੋਰ ਮਾਮਲਾ ਹੈ। ਕੋਰਟ ਨੇ ਮੰਨਿਆ ਹੈ ਕਿ 1856-57 ਵਿੱਚ ਮਸਜਿਦ ਵਿੱਚ ਪੂਜਾ ਦੇ ਅਧਿਕਾਰ ਬਾਰੇ ਹਿੰਦੂ-ਮੁਸਲਮਾਨਾਂ ਵਿਚਾਲੇ ਦੰਗੇ ਭੜਕੇ। ਇਸ ਦੇ ਨਤੀਜੇ ਵਜੋਂ ਬ੍ਰਿਟੇਨ ਨੇ ਦੋਵਾਂ ਧਰਮਾਂ ਲਈ ਵੱਖਰੇ ਤੌਰ 'ਤੇ ਸਥਾਨ ਨਿਰਧਾਰਤ ਕਰ ਕੇ ਇੱਕ ਰੇਲਿੰਗ ਬਣਾ ਦਿੱਤੀ, ਪਰ ਅਜਿਹਾ ਕੋਈ ਸਬੂਤ ਨਹੀਂ ਕਿ ਮੁਸਲਮਾਨ 1857 ਤੋਂ ਲੈ ਕੇ ਇਥੇ ਨਮਾਜ਼ ਅਦਾ ਕਰ ਰਹੇ ਸਨ। ਸੁਪਰੀਮ ਕੋਰਟ 1857 ਤੋਂ ਲੈ ਕੇ ਮਸਜਿਦ ਵਿੱਚ ਹਿੰਦੂਆਂ ਵੱਲੋਂ ਕੀਤੀ ਜਾਣ ਵਾਲੀ ਪੂਜਾ ਦੇ ਸਬੂਤਾਂ ਲਈ 18ਵੀਂ ਸਦੀ ਦੇ ਯੂਰਪੀ ਸੈਲਾਨੀਆਂ, ਜਿਵੇਂ ਸਿਰਫ ਜੋਸਫ ਟੀਫੇਨਥੇਲਰ, ਵਿਲੀਅਮ ਫਿੰਚ ਅਤੇ ਮੋਂਟਗੋਮਰੀ ਮਾਰਟਿਨ ਦੇ ਲੇਖਾਂ 'ਤੇ ਨਿਰਭਰ ਕਰਦੀ ਹੈ। ਇਨ੍ਹਾਂ ਲੇਖਾਂ ਦੇ ਹਿਸਾਬ ਨਾਲ ਮਸਜਿਦ ਦਾ ਜ਼ਿਕਰ ਹੁੰਦਾ ਹੈ, ਪਰ ਇਹ ਨਹੀਂ ਸੁਝਾਇਆ ਜਾਂਦਾ ਕਿ ਇਸ ਮਸਜਿਦ ਦੀ ਦੁਰਵਰਤੋਂ ਹੋਈ ਜਾਂ ਇਹ ਮ੍ਰਿਤ ਵਾਂਗ ਦਿਸਣ ਵਾਲੀ ਸੀ। ਯਕੀਨੀ ਤੌਰ 'ਤੇ ਅਜਿਹੇ ਸੰਦਰਭ, ਜੋ ਹਿੰਦੂਆਂ ਲਈ ਸਬੂਤ ਤਾਂ ਪੇਸ਼ ਕਰਦੇ ਹਨ, ਨਾਲ ਹੀ ਮੁਸਲਮਾਨਾਂ ਲਈ ਸਬੂਤ ਪੇਸ਼ ਕਰਦੇ ਹਨ, ਫਿਰ ਵੀ ਕੋਰਟ ਨੇ ਇਹ ਦੇਖਦੇ ਹੋਏ ਆਪਣੀਆਂ ਅੱਖਾਂ ਬੰਦ ਕਰ ਲਈਆਂ।

ਇਸ ਸੰਦਰਭ ਵਿੱਚ ਮੈਂ ਇੱਕ ਵੱਖਰੇ ਪੱਧਰ 'ਤੇ ਆਪਣਾ ਤਰਕ ਦਿੰਦਾ ਹਾਂ, ਜਿਵੇਂ ਕੋਰਟ ਦਾਅਵਾ ਕਰਦੀ ਹੈ ਕਿ ਸਬੂਤਾਂ ਦੇ ਆਧਾਰ 'ਤੇ ਫੈਸਲੇ ਲਏ ਗਏ। ਮੈਨੂੰ ਇਸ ਤੱਥ ਤੋਂ ਚਿੰਤਾ ਹੋਈ ਕਿ ਇਤਿਹਾਸ ਦੇ ਪੰਨਿਆਂ 'ਚੋਂ ਕੁਝ ਨੂੰ ਉਡਾ ਦਿੱਤਾ ਗਿਆ। ਕੋਰਟ ਕਹਿੰਦੀ ਹੈ ਕਿ ਮੁਸਲਮਾਨਾਂ ਨੇ ਅਜਿਹਾ ਕੋਈ ਸਬੂਤ ਪੇਸ਼ ਨਹੀਂ ਕੀਤਾ, ਜੋ ਇਹ ਦੱਸਦਾ ਹੋਵੇ ਕਿ ਮਸਜਿਦ ਦੇ 16ਵੀਂ ਸ਼ਤਾਬਦੀ ਵਿੱਚ ਬਣਨ ਤੋਂ ਲੈ ਕੇ 1857 ਤੱਕ ਅੰਦਰੂਨੀ ਢਾਂਚੇ 'ਤੇ ਆਪਣਾ ਇੱਕੋ ਇੱਕ ਅਧਿਕਾਰ ਰੱਖਦੇ ਸਨ। ਜਦੋਂ 1528 ਵਿੱਚ ਮਸਜਿਦਾਂ ਬਣਾਈ ਗਈ, ਬਾਬਰ ਨੇ ਭਾਰਤ ਨੂੰ ਜਿੱਤਿਆ ਅਤੇ ਮੁਸਲਮਾਨਾਂ ਨੇ ਸ਼ਰਧਾ ਦਿਖਾਈ। ਉਸ ਤੋਂ ਬਾਅਦ 1658 ਤੋਂ 1707 ਤੱਕ ਔਰੰਗਜ਼ੇਬ ਭਾਰਤ ਦਾ ਸ਼ਾਸਕ ਸੀ ਅਤੇ ਕੱਟੜ ਮੁਸਲਮਾਨ ਸੀ। ਇਸ ਤੋਂ ਅਸੀਂ ਇਹ ਮੰਨ ਲਈਏ ਕਿ ਉਹ ਕੱਟੜ ਹੋਣ ਦੇ ਨਾਤੇ ਹਿੰਦੂਆਂ ਨੂੰ ਮਸਜਿਦ ਵਿੱਚ ਪੂਜਾ ਕਰਨ ਦਾ ਹੱਕ ਦਿੰਦਾ? ਜਦ ਕਿ ਮਸਜਿਦ ਤਾਂ ਬਾਬਰ ਦੇ ਨਾਂਅ 'ਤੇ ਰੱਖੀ ਗਈ ਸੀ ਅਤੇ ਉਦੋਂ ਮੁਸਲਮਾਨਾਂ ਦਾ ਹੀ ਇਸ ਮਸਜਿਦ 'ਤੇ ਕਬਜ਼ਾ ਯਕੀਨੀ ਬਣਾਇਆ ਗਿਆ ਸੀ।

ਜੇ ਕੋਰਟ ਇਸ ਗੱਲ 'ਤੇ ਚਲੱਦੀ ਹੈ ਕਿ ਅਸੀਂ ਮੰਨ ਲਈਏ ਕਿ ਮੁਸਲਮਾਨਾਂ ਕੋਲ ਮਸਜਿਦ ਬਣਨ ਤੋਂ 1857 ਤੱਕ ਅੰਦਰੂਨੀ ਢਾਂਚੇ ਦਾ ਕਬਜ਼ਾ ਵਿਸ਼ੇਸ਼ ਤੌਰ 'ਤੇ ਉਨ੍ਹਾਂ ਕੋਲ ਨਹੀਂ ਸੀ ਤਾਂ ਇਤਿਹਾਸ ਨਾਲ ਇਹ ਟਕਰਾਉਣ ਵਾਲੀ ਗੱਲ ਹੋ ਜਾਵੇਗੀ। ਪੈਰਾ 800 ਦੇ ਅਖੀਰ ਵਿੱਚ ਨਿਕਲੇ ਸਿੱਟੇ ਦੌਰਾਨ ਸੰਭਾਵਨਾਵਾਂ ਦਾ ਸੰਤੁਲਨ ਰੱਖਦੇ ਹੋਏ ਸਬੂਤ ਦੇ ਸੰਦਰਭ ਵਿੱਚ ਪੂਰੇ ਵਾਦ-ਵਿਵਾਦ ਵਾਲੇ ਸਥਾਨ ਦਾ ਹਿੰਦੂਆਂ ਦਾ ਦਾਅਵਾ ਮੁਸਲਮਾਨਾਂ ਵੱਲੋਂ ਪੇਸ਼ ਕੀਤੇ ਗਏ ਸਬੂਤ ਤੋਂ ਬਿਹਤਰ ਮੰਨਿਆ ਜਾ ਸਕਦਾ ਹੈ। ਇਹ ਸਾਫ ਦਿਖਾਈ ਦਿੰਦਾ ਹੈ ਕਿ ਦੋਵਾਂ ਧਿਰਾਂ ਕੋਲ ਆਪਣੇ ਦਾਅਵਿਆਂ ਬਾਰੇ ਸਬੂਤ ਸਨ, ਪਰ ਸੁਪਰੀਮ ਕੋਰਟ ਨੇ ਮੰਨਿਆ ਕਿ ਹਿੰਦੂਆਂ ਦਾ ਸਬੂਤ ਬਿਹਤਰ ਹੈ। ਇਸ ਸਥਾਨ ਨੂੰ ਦੋ ਧਿਰਾਂ 'ਚ ਵੰਡਣ ਦੀ ਥਾਂ ਹਿੰਦੂਆਂ ਨੂੰ ਇਸ ਨੂੰ ਦੇ ਦਿੱਤਾ ਗਿਆ। ਮੈਂ ਮੰਨਦਾ ਹਾਂ ਕਿ ਮੈਂ ਸੁਪਰੀਮ ਕੋਰਟ ਦੀਆਂ ਵਿਵਸਥਾਵਾਂ ਦੇ ਗੂੜ੍ਹ ਭੇਤਾਂ ਨੂੰ ਜਾਨਣ ਲਈ ਨਾ ਮੈਂ ਵਕੀਲ ਹਾਂ ਅਤੇ ਨਾ ਕੋਈ ਮਾਹਿਰ, ਪਰ ਭਾਰਤੀ ਨਾਗਰਿਕ ਹੋਣ ਦੇ ਨਾਤੇ ਮੈਂ ਇਸ ਮਾਮਲੇ ਨੂੰ ਪ੍ਰੇਸ਼ਾਨ ਕਰਨ ਵਾਲਾ ਦੱਸਦਾ ਹਾਂ ਤੇ ਤੁਸੀਂ ਲੋਕ ਇਸ ਅਯੁੱਧਿਆ ਕੇਸ ਵਿੱਚ ਦਿੱਤੀ ਗਈ ਵਿਵਸਥਾ ਨੂੰ ਠੋਸ ਅਤੇ ਆਸਾਨ ਮੰਨਦੇ ਹੋ ਕਿਉਂਕਿ ਇਹ ਕਿਹਾ ਗਿਆ ਹੈ ਕਿ ਇਹ ਸਬੂਤਾਂ 'ਤੇ ਆਧਾਰਤ ਫੈਸਲਾ ਹੈ, ਪਰ ਕੁਝ ਹੱਦ ਤੱਕ ਉਚਿਤ ਸ਼ੱਕ ਤੋਂ ਪਰ੍ਹਾਂ ਵੀ ਹੈ।



ਸ਼ਹੀਦ ਗੰਜ

ਚੌਖੰਡੀ ਗੁਰਦੁਆਰਾ ਜਨਮ ਅਸਥਾਨ ਦੀ ਸੱਜੀ ਬਾਹੀ ਦੀ ਕੋਈ 15 ਕੁ ਮੀਟਰ ਦੀ ਵਿੱਥ ’ਤੇ ਇੱਕ ਵਿਸ਼ਾਲ ਬਾਰਾਂਦਰੀ ਹੈ। ਇਹ ਉਹ ਅਸਥਾਨ ਹੈ ਜਿੱਥੇ 20 ਫਰਵਰੀ 1921 ਨੂੰ ਗੁਰੂ ਘਰ ਤੋਂ ਕੁਰਬਾਨ ਹੋਣ ਵਾਲੇ ਗੁਰੂ ਖਾਲਸਾ ਪਿਆਰਿਆਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ। ਇਸ ਅਸਥਾਨ ਤੋਂ ਬਾਹਰ ਲੋਹੇ ਦੇ ਦੋ ਬੋਰਡਾਂ ਉੱਤੇ ਸ਼ਹੀਦਾ ਦੇ ਨਾਂ ਲਿਖੇ ਹੋਏ ਹਨ।

ਸ਼ਹੀਦਗੰਜ ਭਾਈ ਦਲੀਪ ਸਿੰਘ ਜੀ

ਇਹ ਥਾਂ ਗੁਰਦੁਆਰਾ ਜਨਮ ਅਸਥਾਨ ਦੀ ਦੱਖਣ ਪੂਰਬ ਦੀ ਗੁੱਠ ’ਤੇ ਦਰਸ਼ਨੀ ਡਿਉੜੀ ਤੋਂ ਬਾਹਰ ਕੋਈ 20 ਕੁ ਮੀਟਰ ਦੀ ਵਿੱਥ ਉੱਤੇ ਉਹ ਥਾਂ ਹੈ ਜਿਥੇ ਭਾਈ ਦਲੀਪ ਸਿੰਘ ਅਤੇ ਭਾਈ ਵਰਿਆਮ ਸਿੰਘ ਨੂੰ ਜਿਉਂਦੇ ਜੀ ਘੁਮਿਆਰਾਂ ਦੀ ਬਲਦੀ ਆਵੀ ਵਿੱਚ ਸੁੱਟ ਦਿੱਤਾ ਸੀ ।ਸ਼ਹੀਦ ਗੰਜ ਭਾਈ ਦਲੀਪ ਸਿੰਘ ਜੀ ਦੇ ਨਾਲ ਹੀ ਵਿਦੇਸ਼ੀ ਸੰਗਤਾਂ ਵਾਸਤੇ ਇਕ ਬਹੁਤ ਹੀ ਸੁੰਦਰ ਸਰਾਂ ਉਸਾਰੀ ਗਈ ਹੈ। ਇਸ ਦੀ ਉਸਾਰੀ ਉੱਤੇ ਖਰਚ ਹੋਣ ਵਾਲੀ ਮਾਇਆ ਵਿਦੇਸ਼ਾਂ ਵਿੱਚ ਬੈਠੇ ਗੁਰੂ ਖਾਲਸਾ ਨੇ ਭੇਟ ਕੀਤੀ ਹੈ । ਪੁਰਾਣੇ ਲੰਗਰ ਹਾਲ ਦੀ ਥਾਂ ਇੱਕ ਵਿਸ਼ਾਲ ਅਤੇ ਦੋ ਮੰਜਲਾ ਲੰਗਰ ਹਾਲ ਬਣਾਇਆ ਗਿਆ ਹੈ।

ਇਸ ਵੇਲੇ ਨਨਕਾਣਾ ਸਾਹਿਬ ਸ਼ਹਿਰ ਅੰਦਰ ਕੋਈ 50 ਦੇ ਕਰੀਬ ਸਿੱਖ ਪਰਿਵਾਰ ਅਬਾਦ ਹਨ, ਜੋ ਹਰ ਰੋਜ਼ ਜਨਮ ਅਸਥਾਨ ਤੇ ਪ੍ਰਕਾਸ਼ ਅਤੇ ਪਾਠ ਕਰਦੇ ਹਨ । ਭਾਈ ਪ੍ਰਤਾਪ ਸਿੰਘ ਜੀ ਗ੍ਰੰਥੀ ਸਿੰਘ ਦੀ ਸੇਵਾ ਨਿਭਾਅ ਰਹੇ ਹਨ । ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ, ਖਾਲਸੇ ਦੇ ਜਨਮ ਦਿਨ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਅਤੇ ਪੰਚਮ ਪਾਤਿਸ਼ਾਹ ਜੀ ਦੇ ਸ਼ਹੀਦੀ ਪੁਰਬ ਉੱਤੇ ਦੇਸ਼ ਵਿਦੇਸ਼ ਤੋਂ ਸੰਗਤਾਂ ਦਰਸ਼ਨਾਂ ਨੂੰ ਆਉਂਦੀਆਂ ਹਨ। ਪਹਿਲੇ ਪਾਤਿਸ਼ਾਹ ਜੀ ਦੇ ਪ੍ਰਕਾਸ਼ ਉਤਸਵ ਉੱਤੇ ਭਾਰੀ ਦੀਵਾਨ ਸਜਦੇ ਹਨ ਤੇ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਜਾਂਦਾ ਹੈ।

# ਸਥਾਪਤ ਧਾਰਮਿਕ ਸਿੱਖ ਮਾਨਤਾਵਾਂ ਨਾਲ ਖਿਲਵਾੜ ਅਸਹਿ

-ਜਸਵੰਤ ਸਿੰਘ ਅਜੀਤ

20ਵੀਂ ਸਦੀ ਦੇ ਤੀਸਰੇ ਦਹਾਕੇ ਦੇ ਸ਼ੁਰੂ 'ਚ, ਬਹੁਤ ਸੋਚ ਵਿਚਾਰ ਕਰ ਕੇ, ਧਾਰਮਿਕ ਸਿੱਖ ਸੰਸਥਾਵਾਂ, ਛੋਟੀ ਤੋਂ ਛੋਟੀ ਸਿੰਘ ਸਭਾ ਤੋਂ ਲੈ ਕੇ ਵੱਡੀ ਤੋਂ ਵੱਡੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਤੱਕ ਗਠਨ ਇਸ ਉਦੇਸ਼ ਨਾਲ ਕੀਤਾ ਗਿਆ ਸੀ ਕਿ ਇਹ ਸੰਸਥਾਵਾਂ ਤੇ ਇਨ੍ਹਾਂ ਦੇ ਮੈਂਬਰਾਂ ਤੋਂ ਲੈ ਕੇ ਉੱਚ ਅਹੁਦੇਦਾਰਾਂ ਤੱਕ ਸਾਰੇ ਨਾ ਸਿਰਫ ਖੁਦ ਸਿੱਖ ਧਰਮ ਦੀਆਂ ਮਾਨਤਾਵਾਂ, ਪ੍ਰੰਪਰਾਵਾ ਅਤੇ ਮਰਿਆਦਾਵਾਂ ਦੀ ਪਾਲਣ ਪ੍ਰਤੀ ਸਮਰਪਿਤ ਰਹਿਣ ਸਗੋਂ ਇਨ੍ਹਾਂ ਦੀ ਸਮੁੱਚੇ ਤੌਰ 'ਤੇ ਰੱਖਿਆ ਕਰਨ ਪ੍ਰਤੀ ਵੀ ਆਪਣੀ ਵਚਨਵੱਧਤਾ ਬਣਾਈ ਰੱਖਣਗੇ, ਪਰ ਬੀਤੇ ਲੰਬੇ ਸਮੇਂ ਤੋਂ ਜੋ ਕੁਝ ਦੇਖਣ ਨੂੰ ਮਿਲ ਰਿਹਾ ਹੈ, ਉਸ ਤੋਂ ਲੱਗਦਾ ਹੈ ਕਿ ਜਿਵੇਂ ਜਦੋਂ ਤੋਂ ਰਾਜਨੀਤੀ 'ਚ ਸਥਾਪਤ ਹੋਣ ਦੀ ਲਾਲਸਾ ਦੇ ਸ਼ਿਕਾਰ ਪ੍ਰਮੁੱਖ ਸਿੱਖਾਂ ਨੇ ਇਨ੍ਹਾਂ ਸੰਸਥਾਵਾਂ ਦੀਆਂ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਸੰਭਾਲਣਾ ਅਤੇ ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਦਾਗੀ ਮੈਂਬਰਾਂ ਨੂੰ ਆਪਣੇ ਨਾਲ ਜੋੜਨਾ ਸ਼ੁਰੂ ਕੀਤਾ, ਉਦੋਂ ਤੋਂ ਹੀ ਇਨ੍ਹਾਂ ਧਾਰਮਿਕ ਸੰਸਥਾਵਾਂ ਦਾ ਪਤਨ ਸ਼ੁਰੂ ਹੋ ਗਿਆ। ਇਨ੍ਹਾਂ ਸੰਸਥਾਵਾਂ ਦੇ ਮੈਂਬਰਾਂ ਨੇ ਵੀ ਨਹੀਂ ਸਗੋਂ ਉਚ ਅਹੁਦੇਦਾਰਾਂ ਤੱਕ ਨੇ ਵੀ ਸਿੱਖ ਧਰਮ ਦੀਆਂ ਸਥਾਪਤ ਧਾਰਮਿਕ ਮਾਨਤਾਵਾਂ, ਪ੍ਰੰਪਰਾਵਾਂ ਅਤੇ ਮਰਿਆਦਾਵਾਂ ਦੀ ਰੱਖਿਆ ਕਰਨ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ 'ਤੇ ਇਨ੍ਹਾਂ ਦੀ ਅਣਡਿੱਠਤਾ ਕਰਨ ਦੇ ਨਾਲ ਹੀ ਇਨ੍ਹਾਂ ਤੋਂ ਦੂਰੀ ਬਣਾ ਲਈ। ਇਨ੍ਹਾਂ ਨੂੰ ਆਪਣੇ ਰਾਜਨੀਤਕ ਹਿੱਤਾਂ ਅਤੇ ਸਵਾਰਥ ਦੇ ਆਧਾਰ 'ਤੇ ਬਦਲਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਇਸ ਗੱਲ ਨਾਲ ਕੋਈ ਲੈਣਾ-ਦੇਣਾ ਨਹੀਂ ਰਿਹਾ ਕਿ ਗੁਰੂ ਸਾਹਿਬਾਨ ਨੇ ਸਿੱਖ ਧਰਮ ਲਈ ਜੋ ਮਾਨਤਾਵਾਂ, ਪ੍ਰੰਪਰਾਵਾਂ ਤੇ ਮਰਿਆਦਾਵਾਂ ਨਿਸ਼ਚਿਤ ਕੀਤੀਆਂ ਹਨ, ਉਨ੍ਹਾਂ ਦਾ ਆਪਣਾ ਹੀ ਇੱਕ ਵਿਸ਼ੇਸ਼ ਮਹੱਤਵ ਹੈ, ਜਿਨ੍ਹਾਂ ਸਾਹਮਣੇ ਕੋਈ ਹੋਰ ਮਾਨਤਾ, ਪ੍ਰੰਪਰਾ ਜਾਂ ਮਰਿਆਦਾ ਟਿਕ ਨਹੀਂ ਸਕਦੀ।

ਇਨ੍ਹੀਂ ਦਿਨੀਂ ਮੀਡੀਆ 'ਚ ਖਬਰ ਆਈ, ਜਿਸ 'ਚ ਦੱਸਿਆ ਗਿਆ ਸੀ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਪ੍ਰਤੀ ਸਮਰਪਿਤ ‘ਸ਼ਹੀਦੀ ਦਿਵਸ’ ਨੂੰ ਬਾਲ ਦਿਵਸ (ਜੋ ਭਾਰਤ 'ਚ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਦੀ ਯਾਦ 'ਚ ਮਨਾਇਆ ਜਾਂਦਾ ਹੈ।) ਦੇ ਰੂਪ ਵਿੱਚ ਮਨਾਉਣ ਨੂੰ ਰਾਸ਼ਟਰੀ ਮਾਨਤਾ ਦਿਵਾਉਣ ਲਈ ਲੋਕ-ਰਾਇ ਬਣਾਉਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ਮੁਹਿੰਮ ਨੂੰ 100 ਤੋਂ ਵੱਧ ਪਾਰਲੀਮੈਂਟ ਮੈਂਬਰਾਂ ਦਾ ਵੀ ਸਮਰਥਨ ਹਾਸਲ ਹੋ ਚੁੱਕਾ ਹੈ। ਦੱਸਿਆ ਗਿਆ ਹੈ ਕਿ ਸਿਰਸਾ ਨੇ ਲਗਭਗ ਦੋ ਸਾਲ ਪਹਿਲਾਂ ਵੀ ਇਸੇ ਦਾਅਵੇ ਨਾਲ ਅਜਿਹੀ ਹੀ ਮੁਹਿੰਮ ਸ਼ੁਰੂ ਕੀਤੀ ਸੀ। ਸ਼ਾਇਦ ਇਸ ਸਮੇਂ ਵੀ ਉਨ੍ਹਾਂ ਦੀ ਇਸ ਮੁਹਿੰਮ ਨੂੰ ਸਿੱਖਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ, ਜਿਸ ਨਾਲ ਉਹ ਉਸ ਸਮੇਂ ਆਪਣੀ ਇਸ ਮੁਹਿੰਮ ਨੂੰ ਅੱਗੇ ਨਹੀਂ ਵਧਾ ਸਕੇ। ਉਨ੍ਹਾਂ ਨੇ ਫਿਰ ਇਸ ਮੁਹਿੰਮ ਨੂੰ ਸ਼ੁਰੂ ਕਰਨ ਦੇ ਨਾਲ ਹੀ ਇਹ ਦਾਅਵਾ ਕਰ ਦਿੱਤਾ ਹੈ ਕਿ ਜੇ ਸਾਹਿਬਜ਼ਾਦਿਆਂ ਦੇ ‘ਸ਼ਹੀਦੀ ਦਿਵਸ' ਨੂੰ ਬਾਲ ਦਿਵਸ ਦੇ ਰੂਪ ਵਿੱਚ ਮਨਾਏ ਜਾਣ ਦੀ ਰਾਸ਼ਟਰੀ ਮਾਨਤਾ ਮਿਲ ਜਾਂਦੀ ਹੈ ਤਾਂ ਇਸ ਨਾਲ ਭਾਰਤ ਦੇ ਸਾਰੇ ਸੂਬਿਆਂ ਦੇ ਲੋਕਾਂ ਨੂੰ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਦਾ ਪਤਾ ਲੱਗ ਜਾਵੇਗਾ। ਲੱਗਦਾ ਹੈ ਕਿ ਸਿਰਸਾ ਨੂੰ ਸਿੱਖਾਂ ਦੀ ਉਚ ਧਾਰਮਿਕ ਸੰਸਥਾ ਦਿੱਲੀ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਹੋਣ ਦੇ ਬਾਵਜੂਦ ਸਿੱਖ ਧਰਮ ਦੀਆਂ ਸਥਾਪਤ ਮਾਨਤਾਵਾਂ, ਪ੍ਰੰਪਰਾਵਾਂ ਅਤੇ ਮਰਿਆਦਾਵਾਂ ਦਾ ਕੋਈ ਗਿਆਨ ਨਹੀਂ ਹੈ ਅਤੇ ਨਾ ਉਨ੍ਹਾਂ ਨੂੰ ਇਨ੍ਹਾਂ ਦੀ ਪਾਲਣਾ ਕਰਨ ਦੇ ਨਾਲ ਇਨ੍ਹਾਂ ਦੀ ਰੱਖਿਆ ਕਰਨ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੈ। ਸ਼ਾਇਦ ਉਹ ਇਹ ਵੀ ਨਹੀਂ ਜਾਣਦੇ ਕਿ ‘ਸ਼ਹੀਦੀ' ਅਤੇ ਸ਼ਹਾਦਤ ਨੂੰ ਸਿਰਫ ਸਿੱਖ ਇਤਿਹਾਸ ਅਤੇ ਧਰਮ 'ਚ ਹੀ ਨਹੀਂ ਸਗੋਂ ਵਿਸ਼ਵ ਭਰ ਦੇ ਧਾਰਮਿਕ ਇਤਿਹਾਸ 'ਚ ਅਜਿਹਾ ਮਹੱਤਵ ਪੂਰਨ ਅਤੇ ਮਹਾਨ ਸਥਾਨ ਹਾਸਲ ਹੈ, ਜਿਸ ਦੇ ਸਾਹਮਣੇ 'ਬਾਲ ਦਿਵਸ' ਬਹੁਤ ਤੁੱਛ ਦਿਖਾਈ ਦਿੰਦਾ ਹੈ। ਸਿਰਸਾ ਨੂੰ ਉਚ ਧਾਰਮਿਕ ਸਿੱਖ ਸੰਸਥਾ ਦੇ ਮੁਖੀ ਹੋਣ ਦੀਆਂ ਜ਼ਿੰਮੇਵਾਰੀਆਂ ਨੂੰ ਸਮਝਣਾ ਅਤੇ ਸਿਆਸੀ ਸਵਾਰਥ ਅਤੇ ਸੋਚ ਤੋਂ ਉਪਰ ਉਠ ਕੇ ਸਿੱਖ ਧਰਮ ਅਤੇ ਇਤਿਹਾਸ ਦੀਆਂ ਸਥਾਪਤ ਮਾਨਤਾਵਾਂ ਆਦਿ ਦੀ ਪਾਲਣਾ ਕਰਨ ਅਤੇ ਉਨ੍ਹਾਂ ਦੀ ਰੱਖਿਆ ਕਰਨ ਪ੍ਰਤੀ ਇਮਾਨਦਾਰ ਹੋਣਾ ਚਾਹੀਦਾ ਹੈ।

ਇਸ ਸਥਿਤੀ ਨੂੰ ਦੇਖਦੇ ਹੋਏ ਇਸ ਗੱਲ ਨੂੰ ਸਮਝਣਾ ਪਵੇਗਾ ਕਿ ਜਿਹੜੇ ਲੋਕਾਂ ਨੇ ਸਾਹਿਬਜ਼ਾਦਿਆਂ ਦੇ ‘ਸ਼ਹੀਦੀ ਦਿਵਸ’ ਨੂੰ ਬਾਲ ਦਿਵਸ ਦੇ ਰੂਪ ਵਿੱਚ ਮਨਾਉ ਦੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ, ਉਹ ਸਿੱਖ ਧਰਮ ਤੇ ਉਸ ਦੇ ਇਤਿਹਾਸ ਦੀਆਂ ਵੱਡਮੁੱਲੀਆਂ ਮਾਨਤਾਵਾਂ ਤੋਂ ਅਣਜਾਣ ਜਾਂ ਜਾਣਬੁੱਝ ਕੇ ਉਨ੍ਹਾਂ ਨੂੰ ਮੂਲ ਰੂਪ ਵਿੱਚ ਬਣਾਈ ਰੱਖਣ ਪ੍ਰਤੀ ਇਮਾਨਦਾਰ ਨਹੀਂ ਰਹਿ ਰਹੇ। ਉਨ੍ਹਾਂ ਵੱਲੋਂ ‘ਸ਼ਹੀਦੀ ਦਿਵਸ’ ਨੂੰ ਬਾਲ ਦਿਵਸ ਦੇ ਰੂਪ ਵਿੱਚ ਮਨਾਏ ਜਾਣ ਲਈ ਸ਼ੁਰੂ ਕੀਤੀ ਗਈ ਮੁਹਿੰਮ ਤੋਂ ਸ਼ੱਕ ਪੈਦਾ ਹੁੰਦਾ ਹੈ ਕਿ ਉਹ ਜਾਣੇ ਅਣਜਾਣੇ ਇਸ ਸ਼ਹਾਦਤ ਦੇ ਮਹੱਤਵ ਨੂੰ ਘੱਟ ਕਰਨ ਦੀ ਸੋਚ ਦੇ ਅਧੀਨ ਹੀ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨਾ ਚਾਹੁੰਦੇ ਹਨ।

# ਮੋਇਆਂ ਨੂੰ ਪੂਜੇ ਇਹ ਦੁਨੀਆ, ਜਿਊਂਦੇ ਦੀ ਕੀਮਤ ਕੁਝ ਵੀ ਨਹੀਂ

ਮਾਸਟਰ ਮੋਹਣ ਲਾਲ
ਸਾਬਕਾ ਟਰਾਂਸਪੋਰਟ ਮੰਤਰੀ ਪੰਜਾਬ

ਗੈਰਤਮੰਦ ਲੋਕੋ, ਸੁਣਿਐ ਆਪਣੇ ਦੇਸ਼ ਦੇ ਇੱਕ ਮਹਾਨ ਵਿਗਿਆਨੀ ਦੀ ਲਾਸ਼ ਕਈ ਘੰਟੇ ਪਟਨਾ ਹਸਪਤਾਲ ਦੇ ਬਾਹਰ ਪਈ ਰਹੀ ਕਿ ਉਸ ਦੇ ਕੋਲ ਐਂਬੂਲੈਂਸ ਦਾ ਕਿਰਾਇਆ ਨਹੀਂ ਸੀ? ਸੁਣਿਐ ਨਿਤੀਸ਼ ਕੁਮਾਰ ਜੀ, ਤੁਹਾਡੇ ਬਿਹਾਰ ਦੀ ਰਾਜਧਾਨੀ ਪਟਨਾ 'ਚ ਇੱਕ ਵਿਗਿਆਨ ਦੀ ਲਾਸ਼ ਕਈ ਘੰਟੇ ਸਟ੍ਰੈਚਰ 'ਤੇ ਪਈ ਰਹੀ ਕਿਉਂਕਿ ਹਸਪਤਾਲ ਵਾਲੇ ਪੰਜ ਹਜ਼ਾਰ ਰੁਪਏ ਮੰਗਦੇ ਸਨ? ਮੋਦੀ ਜੀ, ਸ਼ਰਧਾਂਜਲੀ ਦੇ ਕੇ ਹੀ ਡਾਕਟਰ ਵਸ਼ਿਸ਼ਟ ਦੀ ਇਕਾਂਤ ਹੋਈ ਮੌਤ ਤੋਂ ਪਿੱਛੇ ਨਹੀਂ ਹਟੋਗੇ। ਦੇਸ਼ ਦੇ ਨੇਤਾ ਦੇਸ਼ ਦੀਆਂ ਸਿਆਸੀ ਪਾਰਟੀਆਂ ਸ਼ਾਇਦ ਡਾਕਟਰ ਵਸ਼ਿਸ਼ਟ ਨਾਰਾਇਣ ਸਿੰਘ ਨੂੰ ਨਹੀਂ ਜਾਣਦੀਆਂ। ਉਨ੍ਹਾਂ ਕੋਲ ਦੇਸ਼ ਦੇ ਬੁੱਧੀਜੀਵੀਆਂ ਨੂੰ ਜਾਣਨ, ਪਛਾਨਣ ਜਾਂ ਸਮਝਣ ਦਾ ਸਮਾਂ ਹੀ ਕਿੱਥੇ ਹੈ। ਉਹ ਗਰੀਬੀ ਹਟਾਓ ਵਰਗੇ ਨਾਅਰਿਆਂ 'ਚੋਂ ਹੀ ਫੁਰਸਤ ਨਹੀਂ ਪਾ ਰਹੇ। ਸ਼ਾਇਦ ਉਹ ਸਮਝਦੇ ਹੋਣਗੇ ਕਿ ਬੁੱਧੀਜੀਵੀ ਤਾਂ ਸਮਾਜ 'ਤੇ ਬੋਝ ਹਨ।

ਮੈਂ ਤਾਂ ਸ਼ਰਮ ਨਾਲ ਮਰ ਗਿਆ ਕਿ ‘ਜੀਨੀਅਸੋਂ ਕੇ ਜੀਨੀਅਸ' ਇੱਕ ਮਹਾਨ ਵਿਗਿਆਨੀ, ਇੱਕ ਮਹਾਨ ਗਣਿਤ ਮਾਹਰ ਪੰਜ ਹਜ਼ਾਰ ਰੁਪਏ ਲਈ ਆਪਣੀ ਲਾਸ਼ ਦਾ ਨਿਰਾਦਰ ਕਰਵਾ ਕੇ ਚਲਦਾ ਬਣਿਆ। ਮੈਂ ਘੰਟਿਆਂ ਤੱਕ ਮੇਜ਼ 'ਤੇ ਮੂਧੇ ਮੂੰਹ ਮੱਥਾ ਟਿਕਾ ਕੇ ਸੋਚਦਾ ਰਿਹਾ ਕਿ ਇਸ ਦੇਸ਼ ਦੇ ਬੁੱਧੀਜੀਵੀਆਂ ਦਾ ਇਹ ਸਨਮਾਨ ਹੈ ਕਿ ਉਨ੍ਹਾਂ ਦੀ ਲਾਸ਼ ਪੈਸੇ ਦੀ ਘਾਟ ਕਾਰਨ ਸਟ੍ਰੈਚਰ 'ਤੇ ਪਈ ਰਹੇ।

ਚਲੋ ਸਮਾਜ ਦੀ ਗੱਲ ਮੈਂ ਬਾਅਦ 'ਚ ਕਰਦਾ ਹਾਂ। ਪਹਿਲਾਂ ਥੋੜ੍ਹੇ ਸ਼ਬਦਾਂ ਵਿੱਚ ਦੇਸ਼ ਦੇ ਇਸ ਮਹਾਨ ਖੋਜੀ ਬਾਰੇ ਕੁਝ ਕੁ ਗੱਲਾਂ ਪਾਠਕਾਂ ਦੇ ਸਾਹਮਣੇ ਰੱਖ ਲਵਾਂ। ਡਾਕਟਰ ਵਸ਼ਿਸ਼ਟ ਨਾਰ-ਾਇਣ ਸਿੰਘ ਅਮਰੀਕਾ ਦੀ ਕੈਲੀਫੋਰਨੀਆ ਸਟੇਟ ਦੀ ਬਰਕਲੇ ਯੂਨੀਵਰਸਿਟੀ 'ਚ ਮੈਥ ਦੇ ਫੌਜੀ ਪ੍ਰੋਫੈਸਰ ਸਨ। ਉਸੇ ਯੂਨੀਵਰਸਿਟੀ ਨੇ ਉਨ੍ਹਾਂ ਨੂੰ ‘ਜੀਨੀਅਸੋਂ ਕੇ ਜੀਨੀਅਸ’ ਦੀ ਉਪਾਧੀ ਨਾਲ ਨਿਵਾਜਿਆ ਸੀ। ਨਾਸਾ ਵਿੱਚ ਜਦੋਂ ਅਪੋਲੋ ਲਾਂਚ ਕੀਤਾ ਗਿਆ ਤਾਂ ਉਥੋਂ ਦੇ ਕੰਪਿਊਟਰ ਬੰਦ ਹੋ ਗਏ। ਤਦ ਅਮਰੀਕਾ ਦੇ ਵਿਗਿਆਨੀਆਂ ਨੇ ਡਾਕਟਰ ਵਸ਼ਿਸ਼ਟ ਨਾਰਾਇਣ ਸਿੰਘ ਦੇ ਦਿਮਾਗ ਤੋਂ ਹੀ ਕੰਪਿਊਟਰ ਦਾ ਕੰਮ ਲਿਆ। ਅਮਰੀਕੀ ਵਿਗਿਆਨੀ ਡਾਕਟਰ ਵਸ਼ਿਸ਼ਟ ਦੇ ‘ਐਕੂਰੇਟ’ ਦਿਮਾਗ ਦੇ ਮੁਰੀਦ ਹੋ ਗਏ। ਗਣਿਤ 'ਚ ਉਨ੍ਹਾਂ ਨੇ ਪੀ ਐੱਚ ਡੀ ਕੀਤੀ। ਦੁਨੀਆ 'ਚ ਤਹਿਲਕਾ ਉਦੋਂ ਮਚਿਆ ਜਦੋਂ ਡਾਕਟਰ ਵਸ਼ਿਸ਼ਟ ਨੇ ਆਪਣੀ ਤਰਕ ਪੂਰਨ ਖੋਜ ਨਾਲ ਵਿਸ਼ਵ ਪ੍ਰਸਿੱਧ ਵਿਗਿਆਨੀ ਅਲਬਰਟ ਆਈਸਟੀਨ ਦੇ ‘ਸੰਖੇਪਤਾ ਸਿਧਾਂਤ’ ਨੂੰ ਚੁਣੌਤੀ ਦਿੱਤੀ। ਉਨ੍ਹਾਂ ਨੇ ਇਨ੍ਹਾਂ ਖੋਜ ਪੂਰਨ ਕਾਰਜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਕੋਲੰਬੀਆ ਇੰਸਟੀਚਿਊਟ ਆਫ ਮੈਥੇਮੈਟਿਕਸ ਦਾ ਡਾਇਰੈਕਟਰ ਲਾਇਆ।

ਬੁੱਧੀਜੀਵੀ ਵਿਅਕਤੀ ਦੀ ਤ੍ਰਾਸਦੀ ਇਹ ਵੀ ਹੁੰਦੀ ਹੈ ਕਿ ਉਹ ਸਮਝੌਤਾਵਾਦੀ ਨਹੀਂ ਹੁੰਦੇ। ਡਾਕਟਰ ਸਾਹਿਬ ਦੀ ਧਰਮ ਪਤਨੀ ਕੁਝ ਆਪਣੇ ਸੁਭਾਅ ਦੀ ਮਾਲਕ ਸੀ। ਗੁੱਸੇ 'ਚ ਉਸ ਨੇ ਡਾਕਟਰ ਵਸ਼ਿਸ਼ਟ ਦੇ ਸਾਰੇ ਖੋਜ ਪੱਤਰਾਂ ਨੂੰ ਸਾੜ ਦਿੱਤਾ। ਖੁਦ ਵੀ ਡਾਕਟਰ ਸਾਹਿਬ ਨੂੰ ਛੱਡ ਕੇ ਕਿਸੇ ਹੋਰ ਵਿਅਕਤੀ ਕੋਲ ਚਲੀ ਗਈ। ਡਾਕਟਰ ਵਸ਼ਿਸ਼ਟ ਨੂੰ ਇਸ ਨਾਲ ਡੂੰਘਾ ਧੱਕਾ ਲੱਗਾ। ਉਨ੍ਹਾਂ ਦਾ ਮਾਨਸਿਕ ਸੰਤੁਲਨ ਇਸ ਇਕੱਲੇਪਨ 'ਚ ਵਿਗੜ ਗਿਆ। ਛੇ ਸਾਲਾਂ ਤੱਕ ਪਾਗਲਾਂ ਵਰਗੀ ਹਾਲਤ 'ਚ ਘੁੰਮਦੇ ਰਹੇ। ਹੋਟਲਾਂ ਦੇ ਬਾਹਰ ਪਈ ਜੂਠ ਖਾਂਦੇ ਰਹੇ। ਚਲੋ ਇਹ ਚੰਗਾ ਹੋਇਆ ਕਿ ਉਨ੍ਹਾਂ ਦੇ ਭਰਾ ਅਯੋਧਿਆ ਪ੍ਰਸਾਦ ਸਿੰਘ ਨੇ ਉਨ੍ਹਾਂ ਨੂੰ ਲੱਭ ਕੇ ਹਸਪਤਾਲ 'ਚ ਦਾਖਲ ਕਰਵਾ ਦਿੱਤਾ। ਡਾਕਟਰ ਵਸ਼ਿਸ਼ਟ ਇਸ ਪਾਗਲਾਂ ਵਰਗੀ ਵਿਵਸਥਾ 'ਚ ਇੱਕ ਕਾਪੀ ਅਤੇ ਇੱਕ ਪੈਨਸਿਲ ਫੜੀ ਰੱਖਦੇ, ਕਦੇ ਮੂਡ ਹੋਇਆ ਤਾਂ ਬੰਸਰੀ ਵਜਾਉਣ ਲੱਗਦੇ। ਮੈਨੂੰ ਉਪਰੋਕਤ ਸਾਰੀਆਂ ਚੀਜ਼ਾਂ ਨਾਲ ਸਰੋਕਾਰ ਨਹੀਂ। ਮੈਨੂੰ ਦੁੱਖ ਹੈ ਕਿ ਇੱਕ ਮਹਾਨ ਵਿਗਿਆਨੀ, ਇੱਕ ਮਹਾਨ ਮੈਥ ਮਾਹਰ, ਇੱਕ ਮਹਾਨ ਵਿਦਵਾਨ ਨੂੰ ਸਮਾਜ ਜਾਂ ਸਰਕਾਰ ਨੇ ਕੀ ਦਿੱਤਾ? ਉਹ ਮਰਿਆ ਤਾਂ ਅੰਧਕਾਰ 'ਚ, ਲਾਸ਼ ਉਸ ਦੀ ਇਸ ਲਈ ਘੰਟਿਆਂ ਤੱਕ ਸਟ੍ਰੈਚਰ 'ਤੇ ਪਈ ਰਹੀ ਕਿ ਉਸ ਦੇ ਪਰਵਾਰ ਕੋਲ ਐਂਬੂਲੈਂਸ ਦਾ ਕਿਰਾਇਆ ਅਦਾ ਕਰਨ ਲਈ ਪੰਜ ਹਜ਼ਾਰ ਰੁਪਏ ਨਹੀਂ ਸਨ। ਉਸ ਦੀ ਲਾਸ਼ 'ਤੇ ਤਿਰੰਗਾ ਝੰਡਾ ਪਾਉਣ ਦਾ ਕੀ ਲਾਭ।

ਬਿਹਾਰ ਦੇ ਮਾਣਯੋਗ ਮੁੱਖ ਮੰਤਰੀ ਨਿਤਿਸ਼ ਕੁਮਾਰ ਵੱਲੋਂ ਸ਼ਰਧਾਂਜਲੀ ਭੇਟ ਕਰਨ ਦੇ ਕੀ ਅਰਥ? ਮੋਦੀ ਵਰਗੇ ਮਜ਼ਬੂਤ ਪ੍ਰਧਾਨ ਮੰਤਰੀ ਦਾ ਸ਼ੋਕ ਸੰਦੇਸ਼ ਕਿਸ ਅਰਥ ਦਾ। ਭਾਵੇਂ ਸ਼ਰਧਾਂਜਲੀਆਂ ਦਿਓ ਜਾਂ ਬੁੱਤ ਬਣਾਓ, ਕਵਿਤਾਵਾਂ ਪੜ੍ਹੋ ਜਾਂ ਮਹਾਕਾਵਿ ਲਿਖੋ। ਅਸਲੀਅਤ ਸਮਾਜ ਅਤੇ ਸਰਕਾਰ ਦੇ ਸਾਹਮਣੇ ਆ ਗਈ ਹੈ। ਉਹ ਵੀ ਪਟਨਾ ਵਰਗੇ ਸ਼ਹਿਰ 'ਚ। ਬਿਹਾਰ ਸੂਬੇ ਦੀ ਸਭਿਆਚਾਰਕ, ਸਿਆਸੀ ਰਾਜਧਾਨੀ ਪਟਨਾ 'ਚ ਇੱਕ ਪਰਿਪੱਕ ਮੈਥ ਮਾਹਰ ਵੱਲੋਂ ਮੁਖਲਿਸੀ 'ਚ ਮੌਤ? ਸਮਾਜ ਅਤੇ ਸਰਕਾਰ ਦੋਵੇਂ ਸੋਚਣ। ਮੈਂ ਖੁਦ ਇਸ ਘਟਨਾ ਤੋਂ ਪ੍ਰੇਸ਼ਾਨ ਹਾਂ।

## ਅਸਾਂ ਵੀ ਜੁੜੇ ‘ਪੰਜ ਸੌ ਪੰਜਾਹ’ ਨਾਲ

“ਧੰਨ ਧੰਨ ਬਾਬਾ ਨਾਨਕ ਜੀ ਦੇ 550ਵੇਂ ਪੁਰਬ ’ਤੇ ਦੁਨਿਆਂ ਕੀ ਕੁਝ ਕਰ ਰਹੀ। ਸਿੱਕੇ ਜਾਰੀ ਹੋ ਰਹੇ। 550 ਸਿੱਖ ਕੈਦੀ ਛੱਡਣ ਦਾ ਉਪਰਾਲਾ ਹੋ ਰਿਹੈ। 550 ਘੰਟੇ ਬਲਣ ਵਾਲੀ ਮੋਮਬੱਤੀ ਬਣਾਈ ਜਾ ਰਹੀ। ਹੋਰ ਵੀ 550 ਨਾਲ ਜੁੜੇ ਕਈ ਕੰਮ ਹੋ ਰਹੇ। ਇਸ ਪਵਿੱਤਰ ਮੁਹਿੰਮ ’ਚ ਸ਼ਾਮਲ ਹੋ ਤੁਸਾਂ ਵੀ ਕੋਈ ਉੱਦਮ ਕਰੋ!” ਸ਼ਾਮੀ ਅੱਠ ਕੁ ਵਜੇ ਜਦ ਮੈਂ ਗਲਾਸੀ ’ਚ ਸਕੋਚ ਪਾ ਆਈਸ ਕਿਊਬ ਸੁੱਟ ਰਿਹਾ ਸਾਂ ਪਤਨੀ ਦੇ ਬੋਲ ਸੁਣਾਈ ਦਿੱਤੇ। “ ਹੁਕਮ ਕਰ ਭਾਗਵਾਨੇ ਮੈਂ ਕੀ ਉੱਦਮ ਕਰਾਂ ਕਹੇਂ ਤਾਂ 550 ਡਾਲਰ ਦਾ ਸੂਟ ਲੈ ਦਿਆਂ ?” ਮੈਂ ਪੁਛਿਆ ਤਾਂ ਓਹ ਬੋਲੀ “ ਨਹੀਂ ਕੋਈ ਚੰਗਾ ਉਪਰਾਲਾ ਕਰੋ ’ਤੇ ਕਮਜ਼ ਕਮ 550 ਦਿਨਾਂ ਦਾ ਨਾਗਾ ਹੀ ਪਾ ਲਓ”। ਲਾਹੌਲ ਵਿਲਾ ਕੂਵਤ! ਮੇਰੀ ਤਾਂ ਖਾਨਿਓਂ ਗਈ। ਸੋ ਅਰਜ਼ ਕੀਤੀ “ ਐਨਾ ਜੁਲਮ ਨਾ ਕਰ ਭਾਗਵਾਨੇ ਇਟਸ ਟੂ ਮਚ ਕੁਝ ਤਾਂ ਰਿਆਇਤ ਕਰੋ” ਆਪਾਂ ਅਪੀਲ ਕੀਤੀ। “ ਤਾਂ ਫੇਰ 550 ਘੰਟੇ ਹੀ ਸਹੀ” ਓਧਰੋਂ ਪ੍ਰਸਤਾਵ ਆਇਆ। ਅਸਾਂ ਨੂੰ ਇਹ ਵੀ ਨਾਗਵਾਰ ਗੁਜਰਿਆ। “ਇਸ ਗਰੀਬ ’ਤੇ ਬਸ ਥੋੜੀ ਜਿਹੀ ਕਿਰਪਾ ਹੋਰ” ਅਸਾਂ ਤਰਲਾ ਕੀਤਾ ਤਾਂ ਓਹ 550 ਮਿੰਟਾਂ ’ਤੇ ਆ ਗਈ। ਇਸ ਤੋਂ ਪਹਿਲਾਂ ਕਿ ਹਿਸਾਬ ’ਚ ਕਮਜ਼ੋਰ ਘਰਵਾਲੀ ਹਕੀਕਤ ਜਾਣੇ ਆਪਾਂ 550 ਮਿੰਟਾਂ ਦਾ ਨਾਗਾ ਪਾਉਣ ਦਾ ਵਾਦਾ ਕਰ ਸੌਦਾ ਪੱਕਾ ਕਰ ਲਿਆ। ਅੰਨ੍ਹੇ ਦੇ ਪੈਰ ਥੱਲੇ ਬਟੇਰ ਆ ਗਈ। ਮੋਗੈਂਬੋ ਖੁਸ਼ ਹੁਆ।

-ਹਰਜੀਤ ਦਿਓਲ, ਬਰੈਂਪਟਨ






# 500 ਤੋਂ ਵੀ ਘੱਟ ਸੰਗਤਾਂ ਰੋਜ਼ ਜਾਂਦੀਆਂ ਹਨ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ

## * ਪਾਕਿ ਵੱਲੋਂ ਪੰਜ ਹਜ਼ਾਰ ਸੰਗਤਾਂ ਦੀ ਆਗਿਆ

ਗੁਰਦਾਸਪੁਰ, 25 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਕਰਤਾਰਪੁਰ ਦੇ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਰੋਜ਼ਾਨਾ ਪੰਜ ਹਜ਼ਾਰ ਸੰਗਤਾਂ ਦੀ ਖੁੱਲ੍ਹ ਦਿੱਤੀ ਹੋਈ ਹੈ, ਪਰ ਨੌਂ ਨਵੰਬਰ ਤੋਂ ਅੱਜ ਤੱਕ ਸਿਰਫ 500 ਤੋਂ ਵੀ ਘੱਟ ਸੰਗਤਾਂ ਰੋਜ਼ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਜਾ ਰਹੀਆਂ ਹਨ।



ਕੇਂਦਰ ਸਰਕਾਰ ਦੇ ਅਧਿਕਾਰੀਆਂ ਅਨੁਸਾਰ ਗ੍ਰਹਿ ਮੰਤਰਾਲੇ ਵੱਲੋਂ ਕੱਲ੍ਹ ਤੋਂ ਸ਼ਰਧਾਲੂਆਂ ਦੀ ਗਿਣਤੀ ਵਿੱਚ ਕਈ ਗੁਣਾਂ ਵਾਧਾ ਕੀਤਾ ਗਿਆ ਹੈ। ਪਰਸੋਂ ਸਭ ਤੋਂ ਵੱਧ 665 ਸੰਗਤਾਂ ਦਰਸ਼ਨਾਂ ਗਈਆਂ ਅਤੇ ਕੱਲ੍ਹ ਸ਼ਰਧਾਲੂਆਂ ਦੀ ਗਿਣਤੀ ਵਿੱਚ ਹੋਰ ਵਾਧਾ ਹੋਇਆ ਹੈ। ਕੁਝ ਦਿਨਾਂ ਦੌਰਾਨ ਤਾਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘੇ ਰਾਹੀਂ ਗਏ ਸ਼ਰਧਾਲੂਆਂ ਦੀ ਗਿਣਤੀ 125 ਤੋਂ ਲੈ ਕੇ 200 ਤੱਕ ਰਹਿ ਗਈ ਸੀ। ਕੁਝ ਸ਼ਰਧਾਲੂਆਂ ਨੇ ਇਮੀਗਰੇਸ਼ਨ ਵਾਲਿਆਂ ਉੱਤੇ ਇਤਰਾਜ਼ ਕੀਤਾ ਹੈ ਕਿ ਜੇ ਕਿਸੇ ਪਰਵਾਰ ਦੇ ਪੰਜ ਮੈਂਬਰਾਂ ਕੋਲ ਪਾਸ-ਪੋਰਟ ਹਨ ਤਾਂ ਉਨ੍ਹਾਂ ਵੱਲੋਂ ਪਰਵਾਰ ਦੇ ਸਿਰਫ ਇੱਕੋ ਮੈਂਬਰ ਨੂੰ ਅੱਗੇ ਜਾਣ ਦਿੱਤਾ ਜਾਂਦਾ ਹੈ, ਜਿਸ ਕਾਰਨ ਲੋਕਾਂ ਵਿੱਚ ਕੇਂਦਰ ਸਰਕਾਰ ਅਤੇ ਇਮੀਗਰੇਸ਼ਨ ਅਧਿਕਾਰੀਆਂ ਦੇ ਵਿਰੁੱਧ ਭਾਰੀ ਰੋਸ ਹੈ। ਟਰਾਂਸਪੋਰਟ ਮੰਤਰੀ ਸ੍ਰੀਮਤੀ ਰਜ਼ੀਆ ਸੁਲਤਾਨਾ ਨੇ ਪਹਿਲਾਂ ਹੀ ਪੰਜਾਬ ਰੋਡਵੇਜ਼ ਨੂੰ ਮੁਸਾਫਰ ਟਰਮੀਨਲ ਲਈ ਸੇਵਾ ਤੁਰੰਤ ਚਾਲੂ ਕਰਨ ਲਈ ਹਦਾਇਤ ਕਰ ਦਿੱਤੀ ਸੀ ਅਤੇ ਇਹ ਬਸ ਸੇਵਾ ਜਾਰੀ ਹੈ।

# ਸ਼੍ਰੋਮਣੀ ਕਮੇਟੀ ਆਪਣੇ ਉੱਤੇ ਲੱਗਦੇ ਦੋਸ਼ਾਂ ਦੀਆਂ ਫਾਈਲਾਂ ਦੇਵੇ: ਮੰਨਾ

ਅੰਮ੍ਰਿਤਸਰ, 25 ਨਵੰਬਰ (ਪੋਸਟ ਬਿਊਰੋ)- ਪੰਜਾਬ ਕਮੇਟੀ ਦੇ ਸਾਬਕਾ ਸੈਕਟਰੀ ਅਤੇ ਬੁਲਾਰੇ ਮਨਦੀਪ ਸਿੰਘ ਮੰਨਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਮਾਣਹਾਨੀ ਦੇ ਕੇਸ ਦੀ ਚਿਤਾਵਨੀ ਪਿੱਛੋਂ ਸਪੱਸ਼ਟ ਕੀਤਾ ਹੈ ਕਿ ਉਹ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹੋਏ ਕੰਮਾਂ ਦਾ ਖੁਲਾਸਾ ਕਾਨੂੰਨ ਦੀ ਮਦਦ ਨਾਲ ਅਦਾਲਤ ਵਿੱਚ ਕਰ ਕੇ ਸਾਰੀ ਸੱਚਾਈ ਦੁਨੀਆ ਦੇ ਸਾਹ-ਮਣੇ ਲਿਆਉਣਗੇ।



ਇਸ ਸੰਬੰਧ ਵਿੱਚ ਮਨਦੀਪ ਸਿੰਘ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਦੇਸੀ ਘਿਓ ਦੀ ਖਰੀਦ ਕਰਨ ਬਾਰੇ ਵੱਡੇ ਘਪਲੇ ਨੂੰ ਖੁਦ ਹੀ ਮੰਨ ਲਿਆ ਹੈ ਕਿ ਘਿਓ ਟੀਨਾਂ ਵਿੱਚੋਂ ਘੱਟ ਨਿਕਲਿਆ ਹੈ, ਜੇ ਘਿਓ ਟੀਨਾਂ ਵਿੱਚ ਘੱਟ ਆ ਰਿਹਾ ਹੈ ਤਾਂ ਸ਼੍ਰੋਮਣੀ ਕਮੇਟੀ ਇਸ ਘਪਲੇ ਨੂੰ ਮੰਨਣ ਲਈ ਤਿਆਰ ਕਿਉਂ ਨਹੀਂ ਅਤੇ ਇਸ ਦੀ ਸ਼ਿਕਾਇਤ ਇਸ ਵਿਭਾਗ ਦੇ ਮੰਤਰੀ ਨੂੰ ਕਰਨ ਤੋਂ ਕਿਉਂ ਭੱਜ ਰਹੀ ਹੈ? ਮੰਨ ਨੇ ਕਿਹਾ ਕਿ ਮੈਂ ਜੋ ਦੋਸ਼ ਲਾਏ ਹਨ, ਉਨ੍ਹਾਂ ਦੀਆਂ ਫਾਈਲਾਂ ਸ਼੍ਰੋਮਣੀ ਕਮੇਟੀ ਦੀ ਨਕਲ ਮੈਨੂੰ ਦੇਵੇ, ਮੈਂ ਸਾਬਤ ਕਰ ਦਿਆਂਗਾ ਕਿ ਘਪਲਾ ਕਿਵੇਂ ਅਤੇ ਕਿਸ ਯੋਜਨਾ ਨਾਲ ਕੀਤਾ ਗਿਆ ਹੈ। ਇਹੀ ਨਹੀਂ, ਮੰਨਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲੌਂਗੋਵਾਲ ਉਨ੍ਹਾਂ 'ਤੇ ਮਾਣਹਾਨੀ ਦਾ ਕੇਸ ਕਰਨ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਦੇ ਭਰਾ ਮਨਪ੍ਰੀਤ ਸਿੰਘ ਬਾਦਲ ਉੱਤੇ ਵੀ ਕੇਸ ਕਰਨ, ਜਿਨ੍ਹਾਂ ਨੇ ਵਿਧਾਨ ਸਭਾ 'ਚ ਕਿਹਾ ਸੀ ਕਿ ਮੇਰੀ ਤਾਈ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਪਤਨੀ ਦੇ ਭੋਗ ਮੌਕੇ ਲਾਇਆ ਗਿਆ ਲੰਗਰ ਐੱਸ ਜੀ ਪੀ ਸੀ ਵੱਲੋਂ ਤਿਆਰ ਕੀਤਾ ਗਿਆ ਸੀ। ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਕਾਰਵਾਈ ਦੇ ਮੁਆਵਜ਼ੇ ਲਈ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ 'ਤੇ ਇੱਕ ਹਜ਼ਾਰ ਕਰੋੜ ਰੁਪਏ ਦਾ ਕੇਸ ਕੀਤਾ ਹੋਇਆ ਹੈ, ਪਰ ਉਸ ਨੂੰ ਐੱਸ ਜੀ ਪੀ ਸੀ ਜਾਣਬੁੱਝ ਕੇ ਜਿੱਤ ਨਹੀਂ ਰਹੀ। ਉਨ੍ਹਾਂ ਨੇ ਕਿਹਾ ਕਿ ਐੱਸ ਜੀ ਪੀ ਸੀ ਵੱਲੋਂ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਬਣਵਾਇਆ ਜਾ ਰਿਹਾ ਹੈ, ਕਮੇਟੀ ਕਹਿੰਦੀ ਹੈ ਕਿ 2009 'ਚ ਇਸ ਦਾ ਕੰਮ ਸ਼ੁਰੂ ਕਰ ਕੀਤਾ ਸੀ, ਪਰ 10 ਸਾਲ ਬੀਤਣ ਪਿੱਛੋਂ ਵੀ ਕੰਮ ਪੂਰਾ ਕਿਉਂ ਨਹੀਂ ਹੋ ਸਕਿਆ, ਇਸ ਲਈ ਕਿ ਨਿੱਜੀ ਸਵਾਰਥਾਂ ਲਈ ਇਹ ਪੂਰਾ ਨਹੀਂ ਕੀਤਾ ਜਾ ਰਿਹਾ। ਜਿਹੜਾ ਕੰਮ ਮੁਫਤ 'ਚ ਕਾਰ ਸੇਵਾ ਵਾਲੇ ਬਾਬੇ ਅਤੇ ਸੰਗਤ ਕਰ ਸਕਦੀ ਹੈ, ਉਹ ਪ੍ਰਾਈਵੇਟ ਕੰਪਨੀ ਨੂੰ ਕਰੋੜਾਂ ਰੁਪਏ 'ਚ ਕਿਉਂ ਦਿੱਤਾ ਹੈ।

# ਥਾਣੇਦਾਰ ਸਮੇਤ ਤਿੰਨ ਜਣੇ ਅਫ਼ੀਮ ਸਮੇਤ ਕਾਬੂ

ਲੁਧਿਆਣਾ, 25 ਨਵੰਬਰ (ਪੋਸਟ ਬਿਊਰੋ)- ਖਾਕੀ ਵਰਦੀ ਦੀ ਆੜ 'ਚ ਨਸ਼ਾ ਸਮੱਗਲਿੰਗ ਕਰਨ ਵਾਲੇ ਦੋਸ਼ੀ ਸਹਾਇਕ ਥਾਣੇਦਾਰ ਸਮੇਤ ਐਸ ਟੀ ਐਫ (ਸਪੈਸ਼ਲ ਟਾਸਕ ਫੋਰਸ) ਦੀ ਟੀਮ ਨੇ ਤਿੰਨ ਨਸ਼ਾ ਸਮੱਗਲਰਾਂ ਨੂੰ ਫੜਿਆ ਹੈ। ਐਸ ਟੀ ਐਫ ਦੀ ਟੀਮ ਨੇ ਇਨ੍ਹਾਂ ਦੇ ਕਬਜ਼ੇ ਵਿੱਚੋਂ ਕਰੀਬ ਅੱਧਾ ਕਿੱਲੋ ਅਫ਼ੀਮ ਬਰਾਮਦ ਕੀਤੀ ਹੈ। ਪੁਲਸ ਨੂੰ ਆਸ ਹੈ ਕਿ ਵਧੇਰੇ ਪੁੱਛਗਿੱਛ ਦੌਰਾਨ ਇਸ ਨੈਟਵਰਕ ਨਾਲ ਜੁੜੇ ਹੋਰ ਸਫੈਦਪੋਸ਼ਾਂ ਬਾਰੇ ਵੀ ਅਹਿਮ ਖੁਲਾਸੇ ਹੋਣਗੇ।

ਇਸ ਸੰਬੰਧ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਸਹਾਇਕ ਥਾਣੇਦਾਰ ਜਗਜੀਤ ਸਿੰਘ ਤੋਂ ਇਲਾਵਾ ਗ੍ਰਿਫਤਾਰ ਮੁਲਜ਼ਮਾਂ ਦੀ ਪਛਾਣ ਲਖਵਿੰਦਰ ਸਿੰਘ ਮੰਟੂ ਤੇ ਅੰਗਰੇਜ਼ ਸਿੰਘ ਵਜੋਂ ਹੋਈ ਹੈ। ਸਪੈਸ਼ਲ ਟਾਸਕ ਫੋਰਸ ਦੇ ਏ ਆਈ ਜੀ ਸਨੇਹਦੀਪ ਸ਼ਰਮਾ ਮੁਤਾਬਕ ਐਸ ਟੀ ਐਫ ਨੂੰ ਲੁਧਿਆਣਾ ਰੇਂਜ ਦੇ ਮੁੱਖੀ ਇੰਸਪੈਕਟਰ ਹਰਬੰਸ ਸਿੰਘ ਦੀ ਅਗਵਾਈ 'ਚ ਸਫਲਤਾ ਮਿਲੀ ਹੈ। ਉਨ੍ਹਾਂ ਦੱਸਿਆ ਕਿ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਪੁਲਸ ਕਮਿਸ਼ਨਰੇਟ ਲੁਧਿਆਣਾ ਦਾ ਸਹਾਇਕ ਥਾਣੇਦਾਰ ਜਗਜੀਤ ਸਿੰਘ, ਲਖਵਿੰਦਰ ਸਿੰਘ ਊਰਫ਼ ਮੰਟੂ ਵਾਸੀ ਆਦਰਸ਼ ਨਗਰ ਤੇ ਬਠਿੰਡਾ ਦਾ ਰਹਿਣਾ ਵਾਲਾ ਅੰਗਰੇਜ਼ ਸਿੰਘ ਅਫੀਮ ਦੀ ਸਪਲਾਈ ਦੇਣ ਪ੍ਰਤਾਪ ਚੌਕ ਆ ਰਹੇ ਹਨ। ਇਸ ਜਾਣਕਾਰੀ ਦੇ ਆਧਾਰ ਉੱਤੇ ਪੁਲਸ ਪਾਰਟੀ ਨੇ ਮੰਜੂ ਸਿਨੇਮਾ ਤੋਂ ਪ੍ਰਤਾਪ ਚੌਕ ਵੱਲ ਆਈ ਇੱਕ ਸ਼ੱਕੀ ਕਾਰ ਰੋਕ ਕੇ ਜਾਂਚ ਕੀਤੀ ਤਾਂ ਕਾਰ ਸਵਾਰ ਤਿੰਨੋਂ ਮੁਲਜ਼ਮਾਂ ਦੇ ਕਬਜ਼ੇ 'ਚੋਂ ਕਰੀਬ ਅੱਧਾ ਕਿੱਲੋ ਅਫੀਮ ਬਰਾਮਦ ਹੋਈ। ਨਸ਼ਾ ਬਰਾਮਦ ਹੋਣ ਤੋਂ ਬਾਅਦ ਤਿੰਨਾਂ ਖਿਲਾਫ ਥਾਣਾ ਪਰਚਾ ਦਰਜ ਕਰਕੇ ਇਨ੍ਹਾਂ ਨੂੰ ਹਿਰਸਾਤ 'ਚ ਲੈ ਲਿਆ ਗਿਆ ਹੈ। ਮੁਲਜ਼ਮਾਂ ਨੇ ਖੁਲਾਸਾ ਕੀਤਾ ਕਿ ਉਹ ਸਿਰਸਾ ਤੋਂ ਅਫੀਮ ਥੋਕ ਦੇ ਭਾਅ ਲਿਆ ਕੇ ਮਹਾਨਗਰ ਦੇ ਆਸਪਾਸ ਆਪਣੇ ਗ੍ਰਾਹਕਾਂ ਨੂੰ ਪਰਚੂਨ ਸਪਲਾਈ ਕਰਦੇ ਸਨ। ਗ੍ਰਿਫਤਾਰ ਕੀਤਾ ਸਹਾਇਕ ਥਾਣੇਦਾਰ ਜਗਜੀਤ ਸਿੰਘ ਖੁਦ ਵੀ ਅਫੀਮ ਦੇ ਨਸ਼ੇ ਦਾ ਆਦੀ ਹੈ।

# ਨਾਜਾਇਜ਼ ਮਾਈਨਿੰਗ ਕਰਨ ਦੇ ਦੋਸ਼ਾਂ ਹੇਠ ਦੋ ਜਣੇ ਗ੍ਰਿਫਤਾਰ

ਫਿਰੋਜ਼ਪੁਰ, 25 ਨਵੰਬਰ (ਪੋਸਟ ਬਿਊਰੋ)- ਮੱਲਾਂਵਾਲਾ ਪੁਲਸ ਨੇ ਕੱਲ੍ਹ ਗੁਪਤ ਸੂਚਨਾ ਉੱਤੇ ਪਿੰਡ ਕੋਹਾਲਾ ਵਿਖੇ ਮਾਰੇ ਛਾਪੇ ਦੌਰਾਨ ਰੇਤ ਦੇ ਨਾਜਾਇਜ਼ ਕੰਮ ਪਰਦਾ ਫਾਸ਼ ਕਰ ਕੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ, ਜਦੋਂ ਕਿ ਤਿੰਨ ਵਿਅਕਤੀ ਹਾਲੇ ਤੱਕ ਫਰਾਰ ਦੱਸੇ ਜਾ ਰਹੇ ਹਨ।

ਥਾਣਾ ਮੱਲਾਂਵਾਲਾ ਦੇ ਏ ਐੱਸ ਆਈ ਦਲਬੀਰ ਸਿੰਘ ਨੇ ਦੱਸਿਆ ਕਿ ਉਹ ਕੱਲ੍ਹ ਪੁਲਸ ਪਾਰਟੀ ਸਮੇਤ ਗਸ਼ਤ ਕਰ ਰਹੇ ਸਨ ਤਾਂ ਇਸ ਦੌਰਾਨ ਉਨ੍ਹਾਂ ਦੀ ਟੀਮ ਨੂੰ ਕਿਸੇ ਮੁਖਬਰ ਨੇ ਇਤਲਾਹ ਦਿੱਤੀ ਕਿ ਪਿੰਡ ਕੋਹਾਲਾ ਵਿੱਚ ਕੁਝ ਵਿਅਕਤੀ ਰੇਤ ਦੀ ਨਾਜਾਇਜ਼ ਮਾਈਨਿੰਗ ਕਰ ਰਹੇ ਹਨ, ਉਨ੍ਹਾਂ ਤੇ ਜੇ ਛਾਪੇਮਾਰੀ ਕੀਤੀ ਜਾਵੇ ਤਾਂ ਵੱਡੀ ਮਾਤਰਾ ਵਿੱਚ ਰੇਤੇ ਨਾਲ ਭਰੀਆਂ ਟਰਾਲੀਆਂ ਬਰਾਮਦ ਹੋ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਗੁਪਤ ਸੂਚਨਾ ਮਿਲਦੇ ਸਾਰ ਜਦੋਂ ਪਿੰਡ ਕੋਹਾਲਾ ਵਿਖੇ ਛਾਪਾ ਮਾਰਿਆ ਤਾਂ ਉਥੋਂ ਦੇ ਟਰੈਕਟਰ ਟਰਾਲੀਆਂ, ਇੱਕ ਟਿੱਪਰ ਅਤੇ ਇੱਕ ਜੇ ਸੀ ਬੀ ਮਸ਼ੀਨ ਸਣੇ ਦੋ ਵਿਅਕਤੀਆ ਨੂੰ ਗ੍ਰਿਫਤਾਰ ਕੀਤਾ ਗਿਆ, ਪਰ ਕੁਝ ਹੋਰ ਭੱਜਣ ਵਿੱਚ ਸਫਲ ਰਹੇ।

# ਕਾਰ-ਮੋਟਰ ਸਾਈਕਲ ਟੱਕਰ ਨਾਲ ਨੌਜਵਾਨ ਦੀ ਮੌਤ

ਜਲੰਧਰ, 25 ਨਵੰਬਰ (ਪੋਸਟ ਬਿਊਰੋ)- ਥਾਣਾ ਲਾਂਬੜਾ ਦੇ ਪਿੰਡ ਨਿੰਝਰਾਂ ਦੇ ਗੇਟ ਤੋਂ ਕੁਝ ਦੂਰ ਤੇਜ਼ ਰਫ਼ਤਾਰ ਬਲੈਰੋ ਨੇ ਮੋਟਰ ਸਾਈਕਲ ਸਵਾਰ ਨੂੰ ਕੁਚਲ ਦਿੱਤਾ। ਸੜਕ ਹਾਦਸੇ 'ਚ ਵਾਹਨ ਚਾਲਕ ਦੀ ਮੌਕੇ 'ਤੇ ਮੌਤ ਹੋ ਗਈ। ਉਸ ਦੀ ਪਛਾਣ ਕੋਟਲੀ ਥਾਨ ਸਿੰਘ ਵਾਸੀ ਨਿਰਮਲ ਸਿੰਘ ਪੁੱਤਰ ਗੁਰਬਚਨ ਸਿੰਘ ਵਜੋਂ ਹੋਈ ਹੈ। ਕੱਲ੍ਹ ਸ਼ਾਮ ਹੋਏ ਹਾਦਸੇ ਤੋਂ ਬਾਅਦ ਪੁਲਸ ਨੇ ਮੌਕੇ 'ਤੇ ਬਲੈਰੋ ਚਾਲਕ ਰੇਸ਼ਵ ਮਦਾਨ ਪਿੰਡ ਉਗੀ ਨੂੰ ਗ੍ਰਿਫਤਾਰ ਕਰ ਲਿਆ ਹੈ।

ਇਸ ਸਬੰਧ ਵਿੱਚ ਥਾਣਾ ਲਾਂਬੜਾ ਦੇ ਐਸ ਐਚ ਓ ਪੁਸ਼ਪ ਬਾਲੀ ਨੇ ਦੱਸਿਆ ਕਿ ਕੱਲ੍ਹ ਸ਼ਾਮ ਨੂੰ ਨਿਰਮਲ ਸਿੰਘ ਮੋਟਰ ਸਾਈਕਲ ਉੱਤੇ ਸਵਾਰ ਹੋ ਕੇ ਪਿੰਡ ਨਿੰਝਰਾਂ ਵੱਲੋਂ ਘਾਹ ਮੰਡੀ ਜਾ ਰਿਹਾ ਸੀ। ਇਸੇ ਦੌਰਾਨ ਮੁਲਜ਼ਮ ਰੇਸ਼ਵ ਮਦਾਨ ਤੇਜ਼ ਰਫਤਾਰ ਬਲੈਰੋ ਉੱਤੇ ਸਵਾਰ ਹੋ ਕੇ ਘਾਹ ਮੰਡੀ ਵਾਲੀ ਸਾਈਡ ਜਲੰਧਰ ਤੋਂ ਕਾਲਾ ਸੰਘਿਆ ਜਾ ਰਿਹਾ ਸੀ। ਜਦੋਂ ਨਿਰਮਲ ਅੱਡਾ ਅਵਾਦਨ ਨੇੜੇ ਪਹੁੰਚਿਆ ਤਾਂ ਸਾਹਮਣੇ ਤੋਂ ਆਈ ਤੇਜ਼ ਰਫਤਾਰ ਬਲੈਰੋ ਨੇ ਉਸ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਨਿਰਮਲ ਦੇ ਸਿਰ, ਚਿਹਰੇ ਤੇ ਸਰੀਰ ਦੇ ਹੇਠਲੇ ਹਿੱਸੇ 'ਚ ਕਾਫੀ ਸੱਟਾਂ ਲੱਗੀਆਂ, ਜਿਸ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ। ਐਸ ਐਚ ਓ ਪੁਸ਼ਪ ਬਾਲੀ ਨੇ ਦੱਸਿਆ ਕਿ ਚਾਲਕ ਨੂੰ ਗ੍ਰਿਫਤਾਰ ਕਰਕੇ ਕੇਸ ਦਰਜ ਕਰ ਲਿਆ ਹੈ।

# ਕੌਮਾਂਤਰੀ ਹਲਵਾਰਾ ਹਵਾਈ ਅੱਡੇ ਨੂੰ ਲੱਗਣ ਲੱਗੀਆਂ ਹਨ ਬਰੇਕਾਂ

ਗੁਰੂਸਰ ਸੁਧਾਰ, 25 ਨਵੰਬਰ (ਪੋਸਟ ਬਿਊਰੋ)- ਭਾਰਤੀ ਹਵਾਈ ਸੈਨਾ ਦੇ ਹਲਵਾਰਾ ਕੇਂਦਰ ਨੂੰ ਕੌਮਾਂਤਰੀ ਹਵਾਈ ਅੱਡੇ ਵਜੋਂ ਵਿਕਸਤ ਕਰਨ ਲਈ ਪਿੰਡ ਐਤੀਆਣਾ ਦੇ ਕਿਸਾਨਾਂ ਤੋਂ 162 ਏਕੜ ਜ਼ਮੀਨ ਲੈਣ ਦੀ ਪ੍ਰਕਿਰਿਆ ਨੂੰ ਰੋਕਣ ਲਈ ਕਿਸਾਨਾਂ ਨੇ ਕਮਰ ਕਸ ਲਈ ਹੈ। ਹਾਲ ਦੀ ਘੜੀ ਇਸ ਪ੍ਰਾਜੈਕਟ ਨੂੰ ਬਰੇਕਾਂ ਲੱਗਦੀਆਂ ਜਾਪਦੀਆਂ ਹਨ।



ਪਿੰਡ ਐਤੀਆਣਾ ਦੀ ਸੱਥ ਵਿੱਚ ਕੱਲ੍ਹ ਪ੍ਰਭਾਵਿਤ ਹੋ ਰਹੇ ਜ਼ਮੀਨ ਮਾਲਕ ਕਿਸਾਨਾਂ ਦੀ ਬੈਠਕ ਵਿੱਚ ਨੇੜਲੇ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮ-ਾਇੰਦੇ ਆਏ ਅਤੇ ਇਸ ਮੌਕੇ ਕਿਸਾਨਾਂ ਅਤੇ ਪੰਚਾਇਤੀ ਆਗੂਆਂ ਨੇ ਮੁੜ-ਵਸੇਬਾ ਰਿਪੋਰਟ ਨੂੰ ਰੱਦ ਕਰਨ ਦਾ ਐਲਾਨ ਕੀਤਾ। ਕਿਸਾਨਾਂ ਨੇ ਕਾਨੂੰਨ ਅਨੁਸਾਰ 10 ਗੁਣਾਂ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ, ਇਸ ਤੋਂ ਘੱਟ ਕੀਮਤ 'ਤੇ ਇੱਕ ਇੰਚ ਜ਼ਮੀਨ ਦੇਣ ਤੋਂ ਵੀ ਇਨਕਾਰ ਕੀਤਾ ਹੈ। ਇਸ ਮੌਕੇ ਪਿੰਡ ਦੇ ਸਰਪੰਚ ਲਖਵੀਰ ਸਿੰਘ, ਸਾਬਕਾ ਸਰਪੰਚ ਗੁਰਮੀਤ ਸਿੰਘ ਗਿੱਲ, ਪਿੰਡ ਟੂਸੇ ਦੇ ਸਰਪੰਚ ਪਰਮਜੀਤ ਸਿੰਘ ਪੰਮੀ ਤੇ ਰਾਜੋਆਣਾ ਖੁਰਦ ਦੇ ਸਾਬਕਾ ਸਰਪੰਚ ਨਿਰਭੈ ਸਿੰਘ ਅਤੇ ਕਿਸਾਨ ਆਗੂਆਂ ਨੇ ਕਿਸੇ ਤਰ੍ਹਾਂ ਦੇ ਧੱਕੇ ਖਿਲਾਫ ਸਰਕਾਰ ਨੂੰ ਚੌਕਸ ਕਰਦਿਆਂ ਵਾਜਬ ਭਾਅ ਦੇਣ ਦੀ ਮੰਗ ਕੀਤੀ। ਕਿਸਾਨਾਂ ਨਾਲ ਨਾ ਖੜੋਣ ਕਰਕੇ ਲੋਕ ਸਭਾ ਹਲਕਾ ਫ਼ਤਹਿਦਗੜ੍ਹ ਸਾਹਿਬ ਤੋਂ ਕਾਂਗਰਸੀ ਪਾਰਲੀਮੈਂਟ ਮੈਂਬਰ ਡਾਕਟਰ ਅਮਰ ਸਿੰਘ ਦੀ ਨਿਖੇਧੀ ਕੀਤੀ ਗਈ ਅਤੇ ਆਮ ਆਦਮੀ ਪਾਰਟੀ ਦੇ ਹਲਕਾ ਵਿਧਾਇਕ ਜਗਤਾਰ ਸਿੰਘ ਜੱਗਾ ਹਿੱਸੋਵਾਲ ਵੀ ਕਿਸਾਨਾਂ ਲਈ ਆਵਾਜ਼ ਬੁਲੰਦ ਨਾ ਕਰਨ ਕਰਕੇ ਲੋਕਾਂ ਦੇ ਨਿਸ਼ਾਨੇ 'ਤੇ ਰਹੇ। ਸਰਪੰਚ ਲਖਵੀਰ ਸਿੰਘ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਦੀ ਟੀਮ ਵੱਲੋਂ ਸਮਾਜਿਕ ਪ੍ਰਭਾਵ ਬਾਰੇ ਸਰਵੇਖਣ ਵੇਲੇ ਜ਼ਮੀਨ ਮਾਲਕਾਂ ਤੋਂ ਪੁੱਛਗਿੱਛ ਤੋਂ ਬਾਅਦ ਜਿਹੜੀ ਰਿਪੋਰਟ ਪੇਸ਼ ਕੀਤੀ ਸੀ, ਉਸ ਵਿੱਚ ਪ੍ਰਭਾਵਿਤ ਹੁੰਦੇ ਪਰਵਾਰਾਂ ਦੀ ਗਿਣਤੀ 90 ਤੋਂ ਵੱਧ ਦੱਸੀ ਗਈ ਸੀ ਜਦੋਂ ਕਿ ਰਿਪੋਰਟ ਪਾਸ ਕਰਨ ਵੇਲੇ ਇਹ ਘਟਾ ਕੇ 60 ਤੱਕ ਕਰਕੇ ਸਾਢੇ ਪੰਜ ਲੱਖ ਦੀ ਮੁੜ-ਵਸੇਬਾ ਮਦਦ ਰਕਮ ਜਾਰੀ ਕਰਨ ਦਾ ਮਤਾ ਪਾਸ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਰਿਪੋਰਟ ਵਿੱਚ ਅਨੇਕਾਂ ਮਰ ਚੁੱਕੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਜ਼ਮੀਨੀ ਖਾਤਿਆਂ ਅਨੁਸਾਰ ਕਈ ਵੱਖਰੇ ਪਰਵਾਰਾਂ ਨੂੰ ਇੱਕ ਥਾਂ ਇਕੱਠਾ ਕਰ ਕੇ ਇਹ ਰਕਮ 12-12 ਹਜ਼ਾਰ ਤੱਕ ਸੀਮਤ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਵਿਭਾਗੀ ਸੂਤਰਾਂ ਅਨੁਸਾਰ ਕਿਸਾਨਾਂ ਨੂੰ 18-20 ਲੱਖ ਰੁਪਏ ਮੁਆਵਜ਼ਾ ਰਕਮ ਦੇ ਕੇ ਜ਼ਮੀਨ ਗ੍ਰਹਿਣ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਮੁਆਵਜ਼ਾ ਰਕਮ ਕਿਸੇ ਸੂਤਰ ਵਿੱਚ ਪ੍ਰਵਾਨ ਨਹੀਂ ਕੀਤੀ ਜਾ ਸਕਦੀ।

# ਵੱਡੇ ਭਰਾ ਨੇ ਕੀਤਾ ਪ੍ਰੇਮ ਵਿਆਹ, ਛੋਟੇ ਭਰਾ ਨੂੰ ਜ਼ਿੰਦਾ ਸਾੜ ਦਿੱਤਾ

ਮਾਨਸਾ, 25 ਨਵੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਵਾਰਡ ਨੰਬਰ 15 ਵਿੱਚ ਮਜ਼ਦੂਰ ਪਰਵਾਰ ਦੇ ਇੱਕ ਨੌਜਵਾਨ ਨੂੰ ਵੱਡੇ ਭਰਾ ਦੇ ਪ੍ਰੇਮ ਵਿਆਹ ਤੋਂ ਖਫਾ ਲੜਕੀ ਦੇ ਦੋ ਭਰਾਵਾਂ ਅਤੇ ਇੱਕ ਰਿਸ਼ਤੇਦਾਰ ਨੇ ਪੈਟਰੋਲ ਛਿੜਕ ਕੇ ਜਿੰਦਾ ਸਾੜ ਦਿੱਤਾ। ਉਸ ਦੀ ਲਾਸ਼ ਪੁਲਸ ਨੂੰ ਕੱਲ੍ਹ ਸਵੇਰੇ ਇੱਕ ਸ਼ੈਲਰ ਨੇੜੇ ਖੁੱਲ੍ਹੇ ਮੈਦਾਨ ਵਿੱਚੋਂ ਮਿਲੀ। ਮ੍ਰਿਤਕ ਦੀ ਪਛਾਣ ਜਸਪ੍ਰੀਤ ਸਿੰਘ (17) ਦੇ ਰੂਪ ਵਿੱਚ ਹੋਈ ਹੈ। ਪੁਲਸ ਨੇ ਤਿੰਨ ਨੌਜਵਾਨਾਂ 'ਤੇ ਕੇਸ ਦਰਜ ਕਰ ਲਿਆ ਹੈ।



ਇਸ ਬਾਰੇ ਸੂਰਤ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਲੜਕੇ ਕੁਲਵਿੰ-ਦਰ ਸਿੰਘ ਨੇ ਕਰੀਬ ਦੋ ਸਾਲ ਪਹਿਲਾਂ ਗੁਆਂਢੀ ਰਾਜੂ ਦੀ ਲੜਕੀ ਨਾਲ ਪ੍ਰੇਮ ਵਿਆਹ ਕੀਤਾ ਸੀ, ਜੋ ਬਾਅਦ ਵਿੱਚ ਬੁਢਲਾਡਾ ਵਿੱਚ ਰਹਿਣ ਲੱਗੇ ਸਨ। ਪਿਛਲੇ ਦਿਨੀਂ ਕੁਲਵਿੰਦਰ ਦੇ ਘਰ ਇੱਕ ਲੜਕੇ ਨੇ ਜਨਮ ਲਿਆ ਤਾਂ ਉਸ ਦਾ ਛੋਟਾ ਬੇਟਾ ਜਸਪ੍ਰੀਤ ਸਿੰਘ ਆਪਣੇ ਗੁਆਂਢ ਲੜਕੀ ਵਾਲਿਆਂ ਨੂੰ ਉਨ੍ਹਾਂ ਦੀ ਲੜਕੀ ਨੂੰ ਇਥੇ ਲਿਆਉਣ ਤੇ ਲੱਡੂ ਖੁਆਉਣ ਦੀ ਗੱਲ ਕਹਿੰਦਾ ਸੀ, ਜਿਸ ਕਾਰਨ ਲੜਕੀ ਵਾਲੇ ਨਾਰਾਜ਼ ਸਨ। ਯੋਜਨਾ ਦੇ ਤਹਿਤ ਸ਼ਨੀਵਾਰ ਰਾਤ ਇੱਕ ਲੜਕਾ ਜਸਪ੍ਰੀਤ ਨੂੰ ਘਰੋਂ ਸ਼ਹਿਰ ਦੇ ਬਾਗ ਵਾਲਾ ਗੁਰਦੁਆਰਾ ਦੇ ਨੇੜੇ ਲੈ ਗਏ ਤੇ ਉਥੇ ਉਨ੍ਹਾਂ ਦੀ ਨੂੰਹ ਦੇ ਦੋਂਹ ਭਰਾਵਾਂ ਸਮੇਤ ਤਿੰਨ ਜਣਿਆਂ ਨੇ ਜਸਪ੍ਰੀਤ ਦੇ ਹੱਥ ਪੈਰ ਬੰਨ੍ਹ ਕੇ ਪੈਟਰੋਲ ਛਿੜਕ ਕੇ ਉਸ ਨੂੰ ਜਿੰਦਾ ਸਾੜ ਦਿੱਤਾ ਅਤੇ ਬਾਅਦ ਵਿੱਚ ਉਸ ਦੀ ਲਾਸ਼ ਇੱਕ ਖਾਲੀ ਪਏ ਮੈਦਾਨ ਵਿੱਚ ਸੁੱਟ ਦਿੱਤੀ।

ਪੁਲਸ ਨੇ ਸੂਰਤ ਸਿੰਘ ਦੇ ਬਿਆਨ 'ਤੇ ਲੜਕੀ ਦੇ ਭਰਾ ਜਸ਼ਨ ਸਿੰਘ, ਉਸ ਦੀ ਮਾਸੀ ਦੇ ਲੜਕੇ ਗੁਰਜੀਤ ਸਿੰਘ ਤੇ ਇੱਕ ਹੋਰ ਲੜਕੇ ਰਾਜੂ 'ਤੇ ਕਤਲ ਦਾ ਕੇਸ ਦਰਜ ਕਰ ਲਿਆ ਹੈ।

# ਬਜ਼ੁਰਗ ਵਿਧਵਾ ਔਰਤ ਦਾ ਬੇਰਹਿਮੀ ਨਾਲ ਕਤਲ

ਖਨੌਰੀ, 25 ਨਵੰਬਰ (ਪੋਸਟ ਬਿਊਰੋ)- ਇਸ ਕਸਬੇ ਦੇ ਵਾਰਡ ਨੰਬਰ 13 ਦੀ ਬੋਪੁਰੀਆਂ ਵਾਲੀ ਗਲੀ ਵਿੱਚ ਕੱਲ੍ਹ ਰਾਤ ਘਰ ਵਿੱਚ ਇਕੱਲੀ ਰਹਿੰਦੀ ਬੁਜ਼ਰਗ ਵਿਧਵਾ ਔਰਤ ਦਾ ਤੇਜ਼ਧਾਰ ਹਥਿਆਰ ਨਾਲ ਸਿਰ ਵਿੱਚ ਸੱਟਾਂ ਮਾਰ ਕੇ ਬੇਰਹਿਮੀ ਨਾਲ ਕਤਲ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਉਸ ਦੀ ਪਛਾਣ ਭਾਗੋ ਦੇਵੀ (65) ਵਿਧਵਾ ਰਾਮ ਲਾਲ ਵਜੋਂ ਹੋਈ। ਇਸ ਦੀ ਸੂਚਨਾ ਮਿਲਦਿਆਂ ਡੀ ਐਸ ਪੀ ਮੂਨਕ ਬੂਟਾ ਸਿੰਘ ਗਿੱਲ, ਥਾਣਾ ਥਨੌਰੀ ਦੇ ਇੰਚਾਰਜ ਕਰਤਾਰ ਸਿੰਘ ਪੁਲਸ ਪਾਰਟੀ ਸਮੇਤ ਪਹੁੰਚ ਤੇ ਘਟਨਾ ਸਥਾਨ ਦਾ ਮੁਆਇਨਾ ਕੀਤਾ। ਮ੍ਰਿਤਕਾ ਦੇ ਜੀਜੇ ਓਮਪ੍ਰਕਾਸ਼ ਪੁੱਤਰ ਸਾਧੂ ਰਾਮ ਪਿੰਡ ਸ਼ੁਤਰਾਣਾ ਨੇ ਦੱਸਿਆ ਕਿ ਭਾਗੋ ਦੇਵੀ ਦੀ ਪਿੰਡ ਗੁਲਾਹੜ ਅਤੇ ਸ਼ੁਤਰਾਣਾ ਵਿਖੇ ਕਰੀਬ ਨੌਂ ਏਕੜ ਜ਼ਮੀਨ ਹੈ, ਜੋ ਠੇਕੇ ਉੱਤੇ ਦਿੱਤੀ ਹੋਈ ਸੀ, ਪਰ ਆਪ ਪਿਛਲੇ ਕਰੀਬ 20 ਸਾਲਾਂ ਤੋਂ ਆਪਣਾ ਘਰ ਲੈ ਕੇ ਰਹਿ ਰਹੀ ਸੀ। ਉਸ ਨੇ ਦੱਸਿਆ ਕਿ ਉਸ ਦੇ ਸਾਂਢੂ ਰਾਮ ਲਾਲ ਦੀ ਕਰੀਬ ਦੋ ਸਾਲ ਪਹਿਲਾਂ ਮੌਤ ਹੋ ਗਈ ਸੀ ਅਤੇ ਉਨ੍ਹਾਂ ਦੀ ਕੋਈ ਔਲਾਦ ਨਾ ਹੋਣ ਕਾਰਨ ਸਾਡੀ ਲੜਕੀ ਪ੍ਰਿਆ ਹੀ ਬਹੁਤਾ ਕਰ ਕੇ ਭਾਗੋ ਦੇਵੀ ਦੇ ਕੋਲ ਰਹਿੰਦੀ ਸੀ ਤੇ ਉਸ ਦਾ ਕੁਝ




ਦਿਨਾਂ ਨੂੰ ਵਿਆਹ ਸੀ, ਜਿਸ ਕਾਰਨ ਉਹ ਕੱਲ੍ਹ ਉਨ੍ਹਾਂ ਕੋਲ ਸ਼ੁਤਰਾਣੇ ਨੂੰ ਆ ਗਈ। ਉਸ ਨੇ ਦੱਸਿਆ ਕਿ ਪ੍ਰਿਆ ਲਈ ਭਾਗੋ ਦੇਵੀ ਨੇ ਗਹਿਣੇ ਤੇ ਹੋਰ ਸਾਮਾਨ ਖ਼ਰੀਦ ਕੇ ਘਰ ਰੱਖਿਆ ਹੋਇਆ ਸੀ। ਰਾਤ ਵੇਲੇ ਉਸ ਨੇ ਭਾਗੋ ਦੇਵੀ ਨੂੰ ਫ਼ੋਨ ਕੀਤਾ, ਪਰ ਫ਼ੋਨ ਨਹੀਂ ਲੱਗਾ ਅਤੇ ਜਦੋਂ ਸਵੇਰੇ ਉਹ ਭਾਗੋ ਦੇਵੀ ਦੇ ਘਰ ਗਿਆ ਤਾਂ ਦੇਖਿਆ ਕਿ ਉਹ ਆਪਣੇ ਕਮਰੇ ਵਿੱਚ ਬੈਡ ਉੱਤੇ ਅਰਧ ਨਗਨ ਹਾਲਤ ਵਿੱਚ ਮਰੀ ਪਈ ਸੀ ਅਤੇ ਸਿਰ ਵਿੱਚ ਸੱਟਾਂ ਵੱਜੀਆਂ ਹੋਈਆਂ ਸਨ। ਘਰ ਦਾ ਸਾਮਾਨ ਵੀ ਖਿਲਰਿਆ ਪਿਆ ਸੀ, ਜਿਸ ਤੋਂ ਲੱਗਦਾ ਹੈ ਕਿ ਅਣਪਛਾਤੇ ਬੰਦਿਆਂ ਨੇ ਲੁੱਟਣ ਦੀ ਨੀਤ ਨਾਲ ਉਸ ਦਾ ਕਤਲ ਕਰ ਦਿੱਤਾ ਹੈ। ਇਸ ਬਾਰੇ ਡੀ ਐਸ ਪੀ ਬੂਟਾ ਸਿੰਘ ਗਿੱਲ ਨੇ ਦੱਸਿਆ ਕਿ ਪੁਲਸ ਨੂੰ ਮ੍ਰਿਤਕਾ ਦੇ ਘਰੋਂ ਨਗਦੀ, ਸੋਨੇ ਤੇ ਚਾਂਦੀ ਦੇ ਗਹਿਣੇ, ਕਈ ਬੈਂਕਾਂ ਦੀਆਂ ਪਾਸ ਬੁੱਕਾਂ ਤੇ ਐਫ ਡੀਜ਼ ਮਿਲੀਆਂ ਹਨ ਤੇ ਜਾਂਚ ਚੱਲ ਰਹੀ ਹੈ।

# ਤਿੰਨ ਫੀਸਦੀ ਵਿਆਜ ਅਤੇ ਸੋਨੇ ਦੇ ਗਹਿਣਿਆਂ ਦੀ ਸਕਿਓਰਟੀ ਦੇ ਝਾਂਸੇ ਨਾਲ 1.30 ਕਰੋੜ ਠੱਗੇ

ਚੰਡੀਗੜ੍ਹ, 25 ਨਵੰਬਰ (ਪੋਸਟ ਬਿਊਰੋ)- ਇਸ ਆਧੁਨਿਕ ਸ਼ਹਿਰ ਦੇ ਸੈਕਟਰ 15 ਦੇ ਇੱਕ ਵਾਸੀ ਨੂੰ ਤਿੰਨ ਫੀਸਦੀ ਵਿਆਜ ਅਤੇ ਸੋਨੇ ਦੀ ਸਕਿਓਰਟੀ ਦਾ ਝਾਂਸਾ ਦੇ ਕੇ 1.30 ਕਰੋੜ ਰੁਪਏ ਠੱਗਣ ਦਾ ਪਤਾ ਲੱਗਾ ਹੈ। ਦੋਸ਼ੀਆਂ ਨੇ ਪੀੜਤ ਨੂੰ ਸੋਨੇ ਦੇ ਗਹਿਣੇ ਦੇ ਕੇ ਕਰੋੜਾਂ ਰੁਪਏ ਲੈ ਲਏ ਤੇ ਜਦੋਂ ਗਹਿਣਿਆਂ ਦੀ ਜਾਂਚ ਕੀਤੀ ਤਾਂ ਨਕਲੀ ਨਿਕਲੇ। ਸੈਕਟਰ 14 ਥਾਣਾ ਦੀ ਪੁਲਸ ਨੇ ਇਸ ਬਾਰੇ ਸ਼ਿਕਾਇਤ ਦੇ ਆਧਾਰ ਉੱਤੇ 17 ਲੋਕਾਂ ਦੇ ਖਿਲਾਫ ਧੋਖਾਦੇਹੀ ਅਤੇ ਹੋਰ ਧਾਰਾਵਾਂ ਦਾ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ



ਦਿੱਤੀ ਹੈ। ਪੁਲਸ ਨੂੰ ਸੈਕਟਰ 15 ਦੇ ਭਾਰਤ ਭੂਸ਼ਣ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਦੁਕਾਨ ਸੈਕਟਰ 15 ਵਿੱਚ ਸੀ। ਬਿਜ਼ਨਸ ਵਿੱਚ ਘਾਟਾ ਪੈਣ ਕਾਰਨ ਉਨ੍ਹਾਂ ਸਾਲ 2016 ਵਿੱਚ ਦੁਕਾਨ 47.20 ਲੱਖ ਰੁਪਏ ਵਿੱਚ ਵੇਚ ਦਿੱਤੀ ਸੀ। ਇਸ ਤੋਂ ਇਲਾਵਾ ਇੱਕ ਦੁਕਾਨ ਉਨ੍ਹਾਂ ਦੀ ਸਹਾਰਨਪੁਰ ਵਿੱਚ ਸੀ, ਇਸ ਨੂੰ ਉਨ੍ਹਾਂ ਨੇ ਸਾਲ 2018 ਵਿੱਚ 7.71 ਲੱਖ ਰੁਪਏ ਦੀ ਵੇਚ ਦਿੱਤਾ ਸੀ। ਦੋਸ਼ੀ ਹੇਮੰਤ ਚੌਹਾਨ, ਉਸ ਦੀ ਪਤਨੀ ਸਵਾਤੀ ਚੌਹਾਨ, ਹੇਮੰਤ ਚੌਹਾਨ ਦਾ ਭਰਾ ਦਵਿੰਦਰ ਚੌਹਾਨ ਉਨ੍ਹਾਂ ਦੀ ਦੁਕਾਨ 'ਤੇ ਪਹਿਲਾਂ ਤੋਂ ਆਉਂਦੇ-ਜਾਂਦੇ ਸਨ। ਇਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਉਨ੍ਹਾਂ ਨੇ ਆਪਣੀ ਸੈਕਟਰ 15 ਸਥਿਤ ਦੁਕਾਨ ਨੂੰ ਵੇਚਿਆ ਹੈ ਅਤੇ ਉਨ੍ਹਾਂ ਕੋਲ ਕਾਫੀ ਪੈਸੇ ਹਨ। ਇਸ ਦੇ ਬਾਅਦ ਇਨ੍ਹਾਂ ਨੇ ਠੱਗੀ ਦੀ ਸਾਜ਼ਿਸ਼ ਰਚੀ ਸੀ।

# ਸਕੂਲ ਵਿੱਚ ਜਾ ਕੇ ਵਿਦਿਆਰਥਣ ਦੇ ਥੱਪੜ ਮਾਰਨ ਵਾਲਾ ਫੜ੍ਹਿਆ

ਲਾਂਬੜਾ, 25 ਨਵੰਬਰ (ਪੋਸਟ ਬਿਊਰੋ)- ਥਾਣਾ ਲਾਂਬੜਾ ਦੇ ਹੇਠ ਪਿੰਡ ਵਡਾਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਵੜ ਕੇ ਇੱਕ ਵਿਦਿਆਰਥਣ ਨਾਲ ਕੁੱਟਮਾਰ ਅਤੇ ਛੇੜਖਾਨੀ ਕਰਨ ਸੰਬੰਧੀ ਲਾਂਬੜਾ ਪੁਲਸ ਵੱਲੋਂ ਇੱਕ ਸਿਰਫਿਰੇ ਮੁਲਜ਼ਮ ਨੂੰ ਗ੍ਰਿਫਤਾਰ ਕੀਤਾ ਅਤੇ ਅਗਲੀ ਕਾਰਵਾਈ ਸ਼ੁਰੂ ਕੀਤੀ ਹੈ।

ਥਾਣਾ ਮੁਖੀ ਪੁਸ਼ਪ ਬਾਲੀ ਨੇ ਦੱਸਿਆ ਕਿ ਵਡਾਲਾ ਸਕੂਲ ਦੀ ਪ੍ਰਿੰਸੀਪਲ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਹੈ ਕਿ ਬੀਤੇ ਸ਼ਨੀਵਾਰ ਅੱਧੀ ਛੁੱਟੀ ਸਮੇਂ ਇੱਕ ਨੌਜਵਾਨ ਸਕੂਲ ਸਟਾਫ ਦੀ ਇਜਾਜ਼ਤ ਬਿਨਾਂ ਸਕੂਲ ਵਿੱਚ ਆਇਆ ਅਤੇ ਉਸ ਨੇ ਬਾਰ੍ਹਵੀਂ ਕਲਾਸ ਵਿੱਚ ਜਾ ਕੇ ਇੱਕ ਵਿਦਿਆਰਥਣ ਦੇ ਮੂੰਹ ਉਤੇ ਥੱਪੜ ਮਾਰ ਦਿੱਤੇ। ਰੌਲਾ ਪੈਣ 'ਤੇ ਸਕੂਲ ਸਟਾਫ ਨੇ ਉਸ ਨੌਜਵਾਨ ਨੂੰ ਕਾਬੂ ਕਰ ਕੇ ਪੁਲਸ ਨੂੰ ਸੂਚਿਤ ਕੀਤਾ। ਕਾਬੂ ਕੀਤੇ ਗਏ ਮੁਲਜ਼ਮ ਦੀ ਪਛਾਣ ਪ੍ਰਤੀਕ ਉਰਫ ਮਨੀ ਪੁੱਤਰ ਸਿਕੰਦਰ ਭੱਟੀ ਪਿੰਡ ਵਡਾਲਾ ਥਾਣਾ ਲਾਂਬੜਾ ਵਜੋਂ ਹੋਈ ਹੈ। ਬਾਰ੍ਹਵੀਂ ਜਮਾਤ ਦੀ ਪੀੜਤ ਵਿਦਿਆਰਥਣ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਉਕਤ ਮੁਲਜ਼ਮ ਉਸ 'ਤੇ ਪਹਿਲਾਂ ਵੀ ਮਾੜੀ ਨੀਤ ਰੱਖਦਾ ਸੀ ਤੇ ਪਹਿਲਾਂ ਰਸਤੇ ਵਿੱਚ ਉਸ ਨਾਲ ਛੇੜ-ਛਾੜ ਅਤੇ ਤੰਗ ਕਰਦਾ ਸੀ, ਇਸ ਤੋਂ ਉਹ ਪ੍ਰੇਸ਼ਾਨ ਸੀ। ਗ੍ਰਿਫਤਾਰ ਕੀਤੇ ਦੋਸ਼ੀ ਦੇ ਖਿਲਾਫ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਹੈ।

# ਮੁਕਤਸਰ ਦੇ ਮਿਲ ਮਾਲਿਕ ਵੱਲੋਂ ਫਰਜ਼ੀ ਬਿਲਿੰਗ ਨਾਲ ਧੋਖਾਧੜੀ

ਚੰਡੀਗੜ੍ਹ, 25 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਦੱਸਿਆ ਕਿ ਮੁਕਤਸਰ ਦੇ ਇੱਕ ਝੋਨਾ ਮਿਲ ਕੰਪਲੇਕਸ ਵਿੱਚ ਫਰਜ਼ੀ ਬਿਲਿੰਗ ਦੀ ਧੋਖਾਧਾੜੀ ਸਾਹ-ਮਣੇ ਆਈ ਹੈ। ਉਨ੍ਹਾਂ ਨੇ ਕਿਹਾ ਕਿ ਅਧਿਕਾਰੀਆਂ ਨੂੰ ਮੈਸਰਜ਼ ਆਰ ਕੇ ਵਿਸ਼ਾਲ ਰਾਈਸ ਐਂਡ ਜਨਰਲ ਮਿਲਜ, ਬਰੀਵਾਲਾ, ਜਿਲ੍ਹਾ ਮੁਕਤਸਰ ਉੱਤੇ ਗੈਰ-ਕਾਨੂੰਨੀ ਢੰਗ ਨਾਲ ਵਪਾਰ ਕਰਨ ਦਾ ਸ਼ੱਕ ਸੀ। ਛਾਪੇ ਦੌਰਾਨ ਜਾਂਚ ਵਿੱਚ ਪਤਾ ਚੱਲਿਆ ਕਿ ਮਿਲ ਮਾਲਿਕ ਨੇ ਰਿਕਾਰਡ ਵਿੱਚ ਸਥਾਨਿਕ ਮੰਡੀਆਂ ਤੋਂ ਝੋਨਾ ਖਰੀਦ ਦਿਖਾਈ, ਪਰ ਅਸਲ ਵਿੱਚ ਸਟੋਰ ਵਿੱਚ 9,000 ਤੋਂ ਵੱਧ ਬੋਰੀਆਂ ਘੱਟ ਪਾਈਆ ਗਈਆਂ ਜਿਨ੍ਹਾਂ ਨੂੰ ਸਥਾਨਿਕ ਮੰਡੀਆਂ ਤੋਂ ਖਰੀਦਿਆ ਦਿਖਾਇਆ ਸੀ।

ਇਸ ਰਿਕਾਰਡ ਦੇ ਅਨੁਸਾਰ ਝੋਨੇ ਦੀ




83,303 ਬੋਰੀਆਂ, ਜਿਨ੍ਹਾਂ ਦੀ ਕੁਲ ਮਾਤਰਾ 3,123 ਟਨ ਬਣਦੀ ਹੈ, ਨੂੰ 23 ਨਵੰਬਰ ਤੱਕ ਸਟੋਰ ਕੀਤਾ ਗਿਆ ਸੀ। ਮੌਕੇ ਉਤੇ ਇਸ ਮਿਲ ਵਿੱਚ ਕੇਵਲ 2,785 ਟਨ ਦੀਆਂ 74,281 ਬੋਰੀਆਂ ਪਾਈਆਂ ਗਈਆਂ, ਜਿਸ ਨਾਲ 9,022 ਬੋਰੀਆਂ (338 ਟਨ) ਦੀ ਕਮੀ ਸਾਹ-ਮਣੇ ਆਈ। ਫਰਜ਼ੀ ਬਿਲਿੰਗ ਦੇ ਇਲਾਵਾ ਅਧਿਕਾਰੀਆਂ ਨੂੰ ਜਾਂਚ ਦੌਰਾਨ ਮਿਲ ਵਿੱਚ ਉਤਰ ਪ੍ਰਦੇਸ਼ ਅਤੇ ਬਿਹਾਰ ਦੀਆਂ ਖਾਲੀ ਬੋਰੀਆਂ ਵੀ ਮਿਲੀਆਂ। ਇਸ ਨਾਲ ਤੱਥ ਸਾਹਮਣੇ ਆਇਆ ਕਿ ਮਿਲ ਮਾਲਿਕ ਨੇ ਬਾਜ਼ਾਰ ਤੋਂ ਫਰਜ਼ੀ ਬਿਲਿੰਗ ਦੁਆਰਾ ਝੋਨੇ ਨੂੰ ਮਿਲ ਵਿੱਚ ਦਿਖਾਇਆ ਹੈ ਜੋ ਵਾਸਤਵ ਵਿੱਚ ਮਿਲ ਵਿੱਚ ਆਇਆ ਹੀ ਨਹੀਂ। ਮਿਲ ਮਾਲਕ ਆਪਣੇ ਝੋਨੇ ਦੇ ਬਣਦੇ ਭੰਡਾਰ ਨੂੰ ਹੋਰ ਰਾਜਾਂ ਵਿੱਚੋਂ ਸਸਤਾ ਝੋਨਾ ਖਰੀਦ ਕੇ ਪੂਰਾ ਕਰ ਰਿਹਾ ਹੈ। ਮੰਤਰੀ ਨੇ ਦੱਸਿਆ ਕਿ ਜਾਂਚ ਜਾਰੀ ਹੈ ਅਤੇ ਕਸਟਮ ਮਿਲਿੰਗ ਪਾਲਸੀ 2019-20 ਤੇ ਹੋਰ ਲਾਗੂ ਕਾਨੂੰਨਾਂ ਦੀ ਵਿਭਿੰਨ ਧਾਰਾਵਾਂ ਦੇ ਤਹਿਤ ਮਿਲ 'ਤੇ ਕਾਰਵਾਈ ਕੀਤੀ ਸਿਫਾਰਿਸ਼ ਵੀ ਕੀਤੀ ਹੈ।



# ਸੁਪਰੀਮ ਕੋਰਟ ਵਿੱਚ ਸਾਲ ਵਿਚ ਤੀਜੀ ਵਾਰ ਛੁੱਟੀ ਵਾਲੇ ਦਿਨ ਵਿਸ਼ੇਸ਼ ਸੁਣਵਾਈ ਹੋਈ



ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਵਿੱਚ ਕੱਲ੍ਹ ਨੂੰ ਸ਼ਿਵ ਸੈਨਾ-ਐਨ ਸੀ ਪੀ-ਕਾਂਗਰਸ ਦੀ ਸਾਂਝੀ ਅਰਜ਼ੀ ਉੱਤੇ ਵਿਸ਼ੇਸ਼ ਬੈਂਚ ਨੇ ਸੁਣਵਾਈ ਕੀਤੀ ਤਾਂ ਅਜਿਹੀ ਸੁਣਵਾਈ ਛੁੱਟੀ ਵਾਲੇ ਦਿਨ ਸਾਲ ਵਿੱਚ ਤੀਜੀ ਵਾਰ ਕੀਤੀ ਗਈ ਹੈ ਅਤੇ ਇਹ ਲੜੀ ਵਧਦੀ ਜਾ ਰਹੀ ਹੈ।
ਵਰਨਣ ਯੋਗ ਹੈ ਕਿ ਬੀਤੀ 20 ਅਪ੍ਰੈਲ ਨੂੰ ਸ਼ਨਿਚਰਵਾਰ ਵਾਲੇ ਦਿਨ ਅਦਾਲਤ ਨੇ ਸਾਬਕਾ ਮੁਲਾਜ਼ਮ ਵੱਲੋਂ ਚੀਫ ਜਸਟਿਸ ਰੰਜਨ ਗੋਗੋਈ ਦੇ ਖਿਲਾਫ ਸੈਕਸ ਸ਼ੋਸ਼ਣ ਦੇ ਦੋਸ਼ਾਂ ਦੇ ਮਾਮਲੇ 'ਤੇ ਸੁਣਵਾਈ ਕੀਤੀ ਸੀ। ਇਸ ਤੋਂ ਬਾਅਦ 9 ਨਵੰਬਰ ਨੂੰ ਸੁਪਰੀਮ ਕੋਰਟ ਨੇ ਰਾਮ ਜਨਮ ਭੂਮੀ-ਬਾਬਰੀ ਮਸਜਿਦ ਕੇਸ ਦਾ ਇਤਿਹਾਸਕ ਫੈਸਲਾ ਕੀਤਾ ਤੇ ਅਯੁੱਧਿਆ ਵਿੱਚ ਰਾਮ ਮੰਦਿਰ ਦੀ ਉਸਾਰੀ ਦਾ ਰਾਹ ਪੱਧਰਾ ਕੀਤਾ ਸੀ। ਜਿਸ ਦਿਨ ਇਹ ਫੈਸਲਾ ਸੁਣਾਇਆ ਗਿਆ ਸੀ, ਉਸ ਦਿਨ ਸ਼ਰਿਨਚਰਵਾਰ ਦੀ ਛੁੱਟੀ ਸੀ। ਮਹਾਰਾਸ਼ਟਰ ਬਾਰੇ ਸੁਪਰੀਮ ਕੋਰਟ ਵੱਲੋਂ ਲਾਈ ਅਦਾਲਤ ਇਹੋ ਜਿਹਾ ਤੀਸਰਾ ਮੌਕਾ ਹੈ, ਜਦੋਂ ਛੁੱਟੀ ਵਾਲੇ ਦਿਨ ਸੁਣਵਾਈ ਕੀਤੀ ਗਈ ਹੈ।
ਇਸ ਤੋਂ ਪਿਛਲੀ ਰਾਤ ਨੂੰ ਸ਼ਿਵ ਸੈਨਾ-ਐਨ ਸੀ ਪੀ ਅਤੇ ਕਾਂਗਰਸ ਨੇ ਮਹਾਰਾਸ਼ਟਰ ਦੇ ਗਵਰਨਰ ਵੱਲੋਂ ਭਾਜਪਾ ਆਗੂ ਦੇਵੇਂਦਰ ਫੜਨਵੀਸ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁਕਾਏ ਜਾਣ 'ਤੇ ਸਵਾਲ ਉਠਾਉਂਦਿਆਂ ਇਸ ਫੈਸਲੇ ਨੂੰ ਰੱਦ ਕਰਨ ਦੀ ਮੰਗ ਹੇਠ ਪਟੀਸ਼ਨ ਦਾਖਲ ਕੀਤੀ ਸੀ। ਤਿੰਨਾਂ ਪਾਰਟੀਆਂ ਨੇ ਵਿਧਾਇਕਾਂ ਦੀ ਖਰੀਦੋ-ਫ਼ਰੋਖ਼ਤ ਰੋਕਣ ਦੇ ਲਈ ਸੁਪਰੀਮ ਕੋਰਟ ਤੋਂ ਮੰਗ ਕੀਤੀ ਸੀ ਕਿ ਫੜਨਵੀਸ ਸਰਕਾਰ ਨੂੰ ਛੇਤੀ ਬਹੁਮੱਤ ਸਾਬਤ ਕਰਨ ਲਈ ਕਿਹਾ ਜਾਵੇ। ਅਦਾਲਤ ਦੀ ਰਜਿਸਟਰੀ ਨੇ ਕੇਸ ਦੀ ਸੁਣਵਾਈ ਲਈ ਕੱਲ੍ਹ ਦਾ ਦਿਨ ਤੈਅ ਕੀਤਾ ਸੀ।
ਬੀਤੇ ਸਾਲ ਮਈ 2018 ਵਿੱਚ ਸੁਪਰਮ ਕੋਰਟ ਨੇ ਅੱਧੀ ਰਾਤ ਨੂੰ ਸੁਣਵਾਈ ਕੀਤੀ ਸੀ, ਜਦੋਂ ਕਰਨ-ਾਟਕ ਵਿੱਚ ਗਵਰਨਰ ਵੱਲੋਂ ਭਾਜਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦੇਣ ਦੇ ਫੈਸਲੇ ਨੂੰ ਕਾਂਗਰਸ ਨੇ ਚੁਣੌਤੀ ਦਿੱਤੀ ਸੀ। ਭਾਜਪਾ ਨੇ ਸੁਪਰੀਮ ਕੋਰਟ ਵੱਲੋਂ ਕੱਲ੍ਹ ਕੀਤੇ ਹੁਕਮਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਅਦਾਲਤ ਦੇ ਫੈਸਲੇ ਨਾਲ ਭਾਜਪਾ ਦੇ ਇਸ ਦਾਅਵੇ ਨੂੰ ਬਲ ਮਿਲਿਆ ਹੈ ਕਿ ਅਜੀਤ ਪਵਾਰ ਹੀ ਅਸਲ ਵਿੱਚ ਐਨ ਸੀ ਪੀ ਵਿਧਾਇਕ ਦਲ ਦੇ ਆਗੂ ਰਹਿਣਗੇ।

# ਬੈਂਕ ਦੇ ਨਾਂਅ ਉੱਤੇ ਦੇਸ਼ ਵਿੱਚ ਡਰ ਪੈਦਾ ਹੋਣ ਲੱਗੈ: ਸੀਤਾਰਮਨ

***ਯੂਨੀਅਨ ਬੈਂਕ ਦੇ ਸਥਾਪਨਾ ਦਿਵਸ ਸਮਾਰੋਹ ਨੂੰ ਕੀਤਾ ਸੰਬੋਧਨ**

ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਬੈਂਕਾਂ ਵਿਚਾਲੇ ਆਪਣੇ ਕਾਰੋਬਾਰ ਨੂੰ ਤੇਜ਼ੀ ਨਾਲ ਵਧਾਉਣ ਦੀ ਦੌੜ ਜਿਹੀ ਲੱਗੀ ਹੈ। ਅਜਿਹੇ ਵਿੱਚ ਬੈਂਕ ਬਿਨਾਂ ਆਪਣੀ ਸਮਰੱਥਾ ਦਾ ਮੁਲਾਂਕਣ ਕੀਤੇ ਪੂਰੇ ਦੇਸ਼ ਵਿੱਚ ਬਰਾਂਚਾਂ ਖੋਲ੍ਹ ਦਿੰਦੇ ਹਨ, ਜੋ ਆਰਥਿਕ ਤੌਰ 'ਤੇ ਬੈਂਕਾਂ ਲਈ ਨੁਕਸਾਨ ਦੇਹ ਸਾਬਤ ਹੋ ਰਿਹਾ ਹੈ। ਮੌਜੂਦਾ ਬੈਂਕਿੰਗ ਸਥਿਤੀ ਤੋਂ ਦੇਸ਼ ਵਿੱਚ ਬੈਂਕ ਸ਼ਬਦ ਦੇ ਨਾਂਅ 'ਤੇ ਡਰ ਜਿਹਾ ਪੈਦਾ ਹੋਣ ਲੱਗ ਪਿਆ ਜਾਪਦਾ ਹੈ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਤਾਮਿਲ ਨਾਡੂ ਵਿੱਚ ਸਿਟੀ ਯੂਨੀਅਨ ਬੈਂਕ ਦੇ 116ਵੇਂ ਸਥਾਪਨਾ ਦਿਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਭਾਰਤ ਦੀ ਮੌਜੂਦਾ ਬੈਂਕਿੰਗ ਸਥਿਤੀ 'ਤੇ ਇਹ ਟਿੱਪਣੀ ਕੀਤੀ। ਉਨ੍ਹਾਂ ਨੇ ਨਸੀਹਤ ਦਿੰਦਿਆਂ ਕਿਹਾ ਕਿ ਬੈਂਕਾਂ ਨੂੰ ਆਪਣੀ ਤਾਕਤ ਤੇ ਕਮਜ਼ੋਰੀ ਦਾ ਮੁਲੰਕਣ ਕਰ ਕੇ ਹੌਲੀ-ਹੌਲੀ ਵਿਸਥਾਰ ਕਰਨਾ ਚਾਹੀਦਾ ਹੈ। ਵਿੱਤ ਮੰਤਰੀ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਬੈਂਕਿੰਗ ਸੈਕਟਰ ਵਿੱਚ ਕੁਝ ਅਜਿਹੀਆਂ ਘਟਨਾਵਾਂ ਹੋਈਆਂ ਹਨ, ਜਿਸ ਕਾਰਨ ਬੈਂਕਾਂ ਨੂੰ ਆਰਥਿਕ ਨੁਕਸਾਨ ਦੇ ਨਾਲ ਅਕਸ ਵੀ ਖਰਾਬ ਹੋਇਆ ਹੈ। ਬੈਡ ਲੋਨ ਦਾ ਬੋਝ ਬਹੁਤ ਜ਼ਿਆਦਾ ਹੋ ਗਿਆ ਹੈ। ਵਿੱਤ ਮੰਤਰੀ ਮੁਤਾਬਕ ਬੈਂਕਾਂ ਨੂੰ ਮਜ਼ਬੂਤ ਕਰਨ ਲਈ ਅਗਸਤ ਵਿੱਚ



ਸਰਕਾਰ ਨੇ ਦੇਸ਼ ਦੇ 10 ਸਰਕਾਰੀ ਬੈਂਕਾਂ ਦਾ ਰਲੇਵਾਂ ਕਰ ਦਿੱਤਾ ਸੀ। ਛੇ ਛੋਟੇ-ਛੋਟੇ ਬੈਂਕਾਂ ਦਾ ਚਾਰ ਵੱਡੇ ਬੈਂਕਾਂ 'ਚ ਰਲੇਵਾਂ ਕਰ ਦਿੱਤਾ ਗਿਆ ਸੀ। ਇਸ ਨਾਲ ਬੈਂਕਾਂ ਦਾ ਆਕਾਰ ਵਧ ਗਿਆ ਅਤੇ ਕਰਜ਼ਾ ਵੰਡਣ ਦੀ ਸਮਰੱਥਾ ਵੀ ਵਧੀ ਹੈ।
ਨਿਰਮਲਾ ਸੀਤਾਰਮਨ ਨੇ ਕਿਹਾ ਹੈ ਕਿ ਸਰਕਾਰ ਕਾਰਪੋਰੇਟ ਕੰਪਨੀਆਂ ਨੂੰ ਕ੍ਰੈਡਿਟ ਰੇਟਿੰਗ ਦੇਣ ਬਾਰੇ ਵਿਚਾਰ ਕਰ ਰਹੀ ਹੈ। ਇਹ ਰੇਟਿੰਗ ਤਿਆਰ ਕਰਨ ਲਈ ਸਰਕਾਰ ਕਈ ਕ੍ਰੈਡਿਟ ਰੇਟਿੰਗ ਏਜੰਸੀਆਂ ਤੋਂ ਇਸ ਦੀ ਪੂਰੀ ਪ੍ਰਕਿਰਿਆ ਦੀ ਜਾਣਕਾਰੀ ਲੈ ਰਹੀ ਹੈ। ਚੇਨਈ ਵਿੱਚ ਇਸ ਪ੍ਰੋਗਰਾਮ ਵਿੱਚ ਕੇਂਦਰੀ ਮੰਤਰੀ ਨੇ ਕਿਹਾ ਕਿ ਉਨ੍ਹਾਂ ਕਈ ਰੇਟਿੰਗ ਏਜੰਸੀਆਂ ਨਾਲ ਮੁਲਾਕਾਤ ਕੀਤੀ ਅਤੇ ਇਹ ਜਾਣਿਆ ਕਿ ਉਹ ਕਿਵੇਂ ਕੰਪਨੀ ਦੀ ਰੇਟਿੰਗ, ਉਸ ਦੇ ਏਸੈਟਸ ਤੈਅ ਕਰਦੇ ਹਨ ਅਤੇ ਇਹ ਦੇਸ਼ ਦੀ ਅਰਥ ਵਿਵਸਥਾ ਨਾਲ ਕਿਵੇਂ ਮੇਲ ਖਾਂਦੇ ਹਨ। ਕਿਸੇ ਕੰਪਨੀ ਦਾ ਨਾਂਅ ਲਏ ਬਿਨਾਂ ਸੀਤਾਰਮਨ ਨੇ ਕਿਹਾ ਕਿ ਏ ਏ ਰੇਟਿੰਗ ਦੇ ਬਾਵਜੂਦ ਕਾਰਪੋਰੇਟ ਠੱਪ ਪਏ ਹਨ ਅਤੇ ਇਸ ਨਾਲ ਲੋਕਾਂ 'ਚ ਹੈਰਾਨੀ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਬੈਂਕਾਂ ਵੱਲੋਂ ਜਿਸ ਤਰ੍ਹਾਂ ਕਾਰ-ਪੋਰੇਟ ਕੰਪਨੀਆਂ ਦੀ ਜਾਇਦਾਦ ਦੀ ਗੁਣਵੱਤਾ ਦਾ ਮੁਲੰਕਣ ਕੀਤਾ ਜਾ ਰਿਹਾ ਹੈ ਅਤੇ ਜਿਸ ਤਰ੍ਹਾਂ ਕ੍ਰੈਡਿਟ ਰੇਟਿੰਗ ਦਿੱਤੀ ਜਾ ਰਹੀ ਹੈ, ਉਸ 'ਤੇ ਵੀ ਵਿਚਾਰ ਚੱਲ ਰਿਹਾ ਹੈ। ਸੀਤਾਰਮਨ ਨੇ ਕਿਹਾ ਕਿ ਸਰਕਾਰ ਵਿੱਤੀ ਖੇਤਰ ਦੇ ਰੈਗੂਲੇਟਰਾਂ ਜਿਵੇਂ ਰਿਜ਼ਰਵ ਬੈਂਕ ਆਫ ਇੰਡੀਆ ਅਤੇ ਸਕਿਓਰਿਟੀ ਐਂਡ ਐਕਸਚੇਂਜ ਬੋਰਡ ਆਫ ਇੰਡੀਆ ਨੂੰ ਹੋਰ ਤਾਕਤਵਰ ਬਣਾਉਣ ਦੀ ਯੋਜਨਾ ਵੀ ਬਣਾਰਹੀ ਹੈ।

# ਪਹਿਲਾਂ ਵੀ ਸਿਆਸੀ ਚਾਚਿਆਂ ਲਈ ਮੁਸ਼ਕਲ ਬਣੇ ਹਨ ਭਤੀਜੇ

ਪੁਣੇ, 25 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਸਿਆਸਤ ਵਿੱਚ ਚਾਚਿਆਂ ਲਈ ਮੁਸ਼ਕਲ ਖੜ੍ਹੀ ਕਰਨ ਵਾਲੇ ਅਜੀਤ ਪਵਾਰ ਪਹਿਲੇ ਭਤੀਜੇ ਨਹੀਂ, ਇਸ ਖੇਡ ਦਾ ਇਤਹਾਸ ਕਾਫੀ ਪੁਰਾਣਾ ਹੈ। ਇਸ ਤੋਂ ਪਹਿਲਾਂ ਮਹਾਰਾਸ਼ਟਰ ਵਿੱਚ ਕੁਝ ਸਾਲ ਪਹਿਲਾਂ ਸ਼ਿਵ ਸੈਨਾ ਦੇ ਮੋਢੀ ਬਾਲਾ ਸਾਹਿਬ ਠਾਕਰੇ ਦੀ ਰਾਜਸੀ ਵਿਰਾਸਤ ਦੇ ਵਾਰਸ ਵਜੋਂ ਉਨ੍ਹਾਂ ਦੇ ਬੇਟੇ ਊਧਵ ਠਾਕਰੇ ਦੀ ਥਾਂ ਉਨ੍ਹਾਂ ਦਾ ਭਤੀਜਾ ਰਾਜ ਠਾਕਰੇ ਵੀ ਆਪਣੇ ਚਾਚੇ ਬਾਲ ਠਾਕਰੇ ਵਾਂਗ ਤੇਜ਼-ਤਰਾਰ ਨੇਤਾ ਹੋਣ ਕਾਰਨ ਸਿਆਸੀ ਵਾਰਿਸ ਵਜੋਂ ਉਭਰਿਆ ਸੀ। ਜਦੋਂ ਬਾਲ ਠਾਕਰੇ ਨੇ ਰਾਜ ਠਾਕਰੇ ਦੀ ਥਾ ਆਪਣੇ ਪੁੱਤਰ ਊਧਵ ਠਾਕਰੇ ਨੂੰ ਵੱਧ ਤਵੱਜੋ ਦੇਣੀ ਸ਼ੁਰੂ ਕੀਤੀ ਤਾਂ ਉਹ ਬਾਗੀ ਹੋ ਕੇ ਵੱਖ ਹੋ ਗਿਆ ਸੀ।
ਉੱਤਰ ਪ੍ਰਦੇਸ਼ ਵਿੱਚ ਕਦੇ ਮੁਲਾਇਮ ਸਿੰਘ ਯਾਦਵ ਦਾ ਬੋਲਬਾਲਾ ਸੀ ਤਾਂ ਉਸ ਦੇ ਭਰਾ ਸ਼ਿਵਪਾਲ ਯਾਦਵ ਦੀ ਵੀ ਚੜ੍ਹਤ ਹੁੰਦੀ ਸੀ, ਪਰ ਜਦੋਂ ਭਤੀਜੇ ਅਖਿਲੇਸ਼ ਸਿੰਘ ਨੇ ਪਿਤਾ ਮੁਲਾਇਮ ਸਿੰਘ ਦੀ ਵਿਰਾਸਤ ਸੰਭਾਲੀ ਤਾਂ ਫਿਰ ਚਾਚਾ ਸ਼ਿਵਪਾਲ ਯਾਦਵ ਜ਼ੀਰੋ ਹੋ ਕੇ ਰਹਿ ਗਿਆ ਸੀ। ਪੰਜਾਬ ਦੇ ਗਵਾਂਢੀ ਰਾਜ ਹਰਿਆਣਾ ਵਿੱਚ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ ਪੁੱਤਰ ਅਜੇ ਚੌਟਾਲਾ ਦੇ ਬੇਟੇ ਦੁਸ਼ਿਅੰਤ ਚੌਟਾਲਾ ਨੇ ਆਪਣੇ ਚਾਚੇ ਅਭੈ ਚੌਟਾਲਾ ਨੂੰ ਪਟਕਣੀ ਦੇ ਕੇ ਵੱਖਰੀ ਪਾਰਟੀ ਜਨਨਾਇਕ ਜਨਤਾ ਪਾਰਟੀ ਬਣਾ ਲਈ ਅਤੇ ਭਾਜਪਾ ਨਾਲ ਗੱਠਜੋੜ ਕਰਕੇ ਸੂਬੇ ਦੇ ਉਪ-ਮੁੱਖ ਮੰਤਰੀ ਬਣ ਗਏ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਔਰਤਾਂ ਨੇ ਕੀਰਤਨ ਉੱਤੇ ਗਿੱਧਾ ਪਾਇਆ


ਭੋਪਾਲ, 25 ਨਵੰਬਰ (ਪੋਸਟ ਬਿਊਰੋ)- ਸ਼ਬਦ ਕੀਰਤਨ ਉੱਤੇ ਔਰਤਾਂ ਵੱਲੋਂ ਪਾਇਆ ਜਾ ਰਿਹਾ ਗਿੱਧਾ ਕਿਸੇ ਵਿਆਹ ਸਮਾਗਮ ਵਿਚ ਨਹੀਂ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪਾਇਆ ਜਾ ਰਿਹਾ ਸੀ ਤੇ ਸਿੱਖ ਕੀਰਤਨੀਆਂ ਵੱਲੋਂ ਕੀਰਤਨ ਕੀਤਾ ਜਾ ਰਿਹਾ ਸੀ। ਇਸ ਤਰ੍ਹਾਂ ਦੀ ਵਾਇਰਲ ਹੋਈ ਵੀਡੀਓ ਭੋਪਾਲ ਦੀ ਹੈ, ਜਿੱਥੇ ਇਕ ਸਿੰਧੀ ਪਰਿਵਾਰ ਦੇ ਪ੍ਰੋਗਰਾਮ ਵਿਚ ਭਾਈ ਬਲਜੀਤ ਸਿੰਘ ਰਾਗੀ ਜਦੋਂ ਕੀਰਤਨ ਕਰ ਰਹੇ ਸਨ, ਪਰ ਇਸ ਸਮੇਂ ਦੌਰਾਨ ਕੁੱਝ ਔਰਤਾਂ ਨੇ ਕੀਰਤਨ ਉੱਤੇ ਨੱਚਣਾ ਸ਼ੁਰੂ ਕਰ ਦਿੱਤਾ। ਕਿਸੇ ਨੇ ਇਸ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉੱਤੇ ਪਾ ਦਿੱਤੀ, ਜੋ ਕਾਫ਼ੀ ਜ਼ਿਆਦਾ ਵਾਇਰਲ ਹੋ ਗਈ ਅਤੇ ਸਿੱਖ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣ ਗਈ ਹੈ।
ਇਸ ਮੰਦ ਭਾਗੀ ਘਟਨਾ ਬਾਰੇ ਇਸ ਸਮਾਗਮ ਵਿੱਚ ਕੀਰਤਨ ਕਰਨ ਵਾਲੇ ਭਾਈ ਬਲਜੀਤ ਸਿੰਘ ਰਾਗੀ ਨੇ ਇਕ ਵੀਡੀਓ ਜਾਰੀ ਕਰਕੇ ਮੁਆਫ਼ੀ ਮੰਗਦਿਆਂ ਕਿਹਾ ਕਿ ਅਜਿਹੀ ਗ਼ਲਤੀ ਦੁਬਾਰਾ ਨਹੀਂ ਹੋਵੇਗੀ। ਇਸ ਦੇ ਨਾਲ ਉਨ੍ਹਾਂ ਨੇ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਹੋਣ ਦੀ ਗੱਲ ਵੀ ਕਹੀ ਹੈ। ਸੋਸ਼ਲ ਮੀਡੀਆ ਉੱਤੇ ਲੋਕਾਂ ਨੇ ਇਹ ਵੀਡੀਓ ਦੇਖ ਕੇ ਕਈ ਤਰ੍ਹਾਂ ਦੇ ਕੁਮੈਂਟ ਕੀਤੇ ਹਨ ਅਤੇ ਅਜਿਹਾ ਕਰਨ ਵਾਲੇ ਕੀਰਤਨੀਆਂ ਉੱਤੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਕੁਝ ਹੋਰ ਲੋਕਾਂ ਦਾ ਕਹਿਣਾ ਹੈ ਕਿ ਜੇ ਔਰਤਾਂ ਕੀਰਤਨ ਉੱਤੇ ਨੱਚਣ ਲੱਗ ਪਈਆਂ ਸਨ ਤਾਂ ਰਾਗੀ ਸਿੰਘ ਨੂੰ ਕੀਰਤਨ ਬੰਦ ਕਰਕੇ ਬਾਹਰ ਚਲੇ ਜਾਣਾ ਚਾਹੀਦਾ ਸੀ, ਪਰ ਉਨ੍ਹਾਂ ਨੇ ਅਜਿਹਾ ਨਾ ਕਰਕੇ ਕੀਰਤਨ ਜਾਰੀ ਰੱਖਿਆ ਸੀ, ਜੋ ਕਿ ਗਲਤ ਸੀ।

# ਹੇਠਲੀਆਂ ਕੋਰਟਾਂ ਵਿੱਚ 10 ਸਾਲ ਤੋਂ ਵੱਧ ਪੁਰਾਣੇ 23,90,715 ਕੇਸ ਪੈਂਡਿੰਗ



ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਦੇਸ਼ ਦੀ ਹੇਠਲੀਆਂ ਅਤੇ ਜ਼ਿਲ੍ਹਾ ਅਦਾਲਤਾਂ ਵਿੱਚ 3.14 ਕਰੋੜ ਮਾਮਲੇ ਪੈਂਡਿੰਗ ਹਨ, ਜਿਨ੍ਹਾਂ ਵਿੱਚੋਂ ਕਰੀਬ 14 ਪ੍ਰਤੀਸ਼ਤ ਕੇਸ 10 ਸਾਲ ਜਾ ਇਸ ਤੋਂ ਵੱਧ ਪੁਰਾਣੇ ਹਨ। ਇਸ ਵਿੱਚੋਂ 10 ਸਾਲ ਤੋਂ ਵੱਧ ਪੁਰਾਣੇ ਸਭ ਤੋਂ ਵੱਧ ਕਹੇ ਕਰਮਵਾਰ ਉਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ, ਮਹਾਰਾਸ਼ਟ, ਓਡੀਸ਼ਾ, ਗੁਜਰਾਤ ਵਿੱਚ ਹਨ। ਲੋਕ ਸਭਾ ਵਿੱਚ ਦਿਆ ਕੁਮਾਰੀ, ਲਾਕੇਟ ਚੈਟਰਜ਼ੀ, ਨਿਸ਼ੀਕਾਂਤ ਦੂਬੇ, ਪੰਕਜ ਚੌਧਰੀ ਦੇ ਸਵਾਲ ਦੇ ਲਿਖਤੀ ਜਵਾਬ ਵਿੱਚ ਕਾਨੂੰਨ ਮੰਤਰਾਲੇ ਵੱਲੋਂ ਪੇਸ਼ ਕੌਮੀ ਜੁਡੀਸ਼ਲ ਡਾਟਾ ਗ੍ਰਿਡ ਦੇ ਅੰਕੜੇ ਅਨੁਸਾਰ ਇਸ ਵੇਲੇ ਸੁਪਰੀਮ ਕੋਰਟ ਵਿੱਚ 59,867 ਕੇਸ ਪੈਂਡਿੰਗ ਹਨ ਅਤੇ ਹਾਈ ਕੋਰਟ ਵਿੱਚ 44,76,625 ਕੇਸ ਅਤੇ ਜ਼ਿਲ੍ਹਾ ਅਤੇ ਹੇਠਲੀਆਂ ਅਦਾਲਤਾਂ ਵਿੱਚ 3,14,53,555 ਕੇਸ ਪੈਂਡਿੰਗ ਹਨ। ਇਸ ਤਰ੍ਹਾਂ ਦੇਸ਼ ਦੀਆਂ ਅਦਾਲਤਾਂ ਵਿੱਚ ਕਰੀਬ 3.59 ਕਰੋੜ ਕੇਸ ਪੈਂਡਿੰਗ ਹਨ। ਕੌਮੀ ਜੁਡੀਸ਼ਲ ਡਾਟਾ ਗ੍ਰਿਡ ਦੇ ਅੰਕੜੇ ਅਨੁਸਾਰ ਦੇਸ਼ ਦੀਆਂ ਹੇਠਲੀਆਂ ਅਤੇ ਜ਼ਿਲ੍ਹਾ ਅਦਾਲਤਾਂ ਵਿੱਚ 3.14 ਕਰੋੜ ਕੇਸ ਪੈਂਡਿੰਗ ਹਨ ਜਿਨ੍ਹਾਂ ਵਿੱਚ ਕਰੀਬ 14 ਪ੍ਰਤੀਸ਼ਤ ਯਾਨੀ 23,90,715 ਕੇਸ 10 ਸਾਲ ਜਾ ਇਸ ਤੋਂ ਜ਼ਿਆਦਾ ਪੁਰਾਣੇ ਹਨ। ਇਨ੍ਹਾਂ ਵਿੱਚ ਉਤਰ ਪ੍ਰਦੇਸ਼ ਵਿੱਚ 10 ਸਾਲ ਤੋਂ ਵੱਧ ਪੁਰਾਣੇ 9,43,935 ਕੇਸ ਪੈਂਡਿੰਗ ਹਨ, ਜਦ ਕਿ ਬਿਹਾਰ ਵਿੱਚ 3,77,250, ਮਹਾਰਾਸ਼ਟਰ ਵਿੱਚ 2,50,095, ਪੱਛਮੀ ਬੰਗਾਲ ਵਿੱਚ 2,86,443, ਓਡੀਸਾ ਵਿੱਚ 1,75,409, ਗੁਜਰਾਤ ਵਿੱਚ 1,75,4329, ਰਾਜਸਥਾਨ ਵਿੱਚ 48,437 ਕੇਸ 10 ਸਾਲ ਜਾ ਉਸ ਤੋਂ ਵੱਧ ਪੁਰਾਣੇ ਹਨ।

# 41 ਸਾਲ ਬਾਅਦ ਮਾਂ ਨੂੰ ਮਿਲ ਕੇ ਭਾਵੁਕ ਹੋਏ ਡੇਵਿਡ ਨੀਲਸਨ



ਡੇਵਡ ਨੀਲਸਨ

ਚੇਨਈ, 25 ਨਵੰਬਰ (ਪੋਸਟ ਬਿਊਰੋ)- ਤਾਮਿਲ ਨਾਡੂ ਵਿੱਚ ਸ਼ਨੀਵਾਰ ਇੱਕ ਬੇਟੇ ਨੂੰ 43 ਸਾਲ ਦੀ ਉਮਰ ਵਿੱਚ ਉਸ ਮਾਂ ਨੂੰ ਮਿਲਣ ਦਾ ਮੌਕਾ ਮਿਲਿਆ, ਜਿਸ ਨੇ ਉਸ ਨੂੰ ਜਨਮ ਦਿੱਤਾ ਸੀ।
ਡੈਨਮਾਰਕ ਵਿੱਚ ਰਹਿਣ ਵਾਲੇ ਡੇਵਡ ਨੀਲਸਨ ਸ਼ਨੀਵਾਰ ਨੂੰ ਆਪਣੀ ਮਾਂ ਨੂੰ ਮਿਲ ਕੇ ਰੋ ਪਏ ਤਾਂ ਮਾਂ ਧਨਲਛਮੀ ਵੀ ਆਪਣੇ ਬੇਟੇ ਨੂੰ ਮਿਲ ਕੇ ਭਾਵੁਕ ਹੋ ਗਈ। ਤਾਮਿਲ ਨਾਡੂ ਵਿੱਚ ਜਨਮ ਦੇ ਕੁਝ ਸਮੇਂ ਬਾਅਦ ਹੀ ਪਰਵਾਰ ਦੀ ਗਰੀਬੀ ਕਾਰਨ ਧਨਲਛਮੀ ਨੇ ਬੇਟੇ ਨੂੰ ਅਨਾਥ ਆਸ਼ਰਮ ਵਿੱਚ ਛੱਡ ਦਿੱਤਾ ਸੀ, ਜਿੱਥੇ ਉਸ ਬੱਚੇ ਨੂੰ ਦੋ ਸਾਲ ਦੀ ਉਮਰ ਵਿੱਚ ਡੈਨਮਾਰਕ ਵਿੱਚ ਰਹਿੰਦੇ ਇੱਕ ਪਰਵਾਰ ਨੇ ਗੋਦ ਲੈ ਲਿਆ ਸੀ। 1976 ਵਿੱਚ ਜਨਮੇ ਡੇਵਿਡ ਨੂੰ ਚੇਨਈ ਦੇ ਆਰ ਐੱਸ ਆਰ ਐੱਮ ਹਸਪਤਾਲ ਵਿੱਚ ਜਨਮੇ ਡੇਵਿਡ ਨੂੰ ਉਨ੍ਹਾਂ ਦੀ ਮਾਂ ਨੇ ਇੱਕ ਸ਼ੈਲਟਰ ਹੋਮ ਵਿੱਚ ਰੱਖ ਦਿੱਤਾ ਸੀ। ਕੁਝ ਸਮੇਂ ਤੋਂ ਧਨਲਛਮੀ ਆਪਣੇ ਦੋਵਾਂ ਪੁੱਤਰਾਂ ਨਾਲ ਉਥੇ ਰਹਿ ਰਹੀ ਸੀ, ਪਰ ਇਸ ਦੇ ਬਾਅਦ ਵਿੱਚ ਇਥੋਂ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਵਾਪਸ ਜਾਣ ਨੂੰ ਕਿਹਾ। ਇਸ ਦੇ ਬਾਅਦ ਸ਼ੈਲਟਰ ਹੋਮ ਦੇ ਲੋਕ ਹੀ ਡੇਵਿਡ ਦੀ ਦੇਖਭਾਲ ਕਰਦੇ ਰਹੇ।
ਉਮਰ ਦੇ ਦੇ ਕਈ ਸਾਲ ਬੀਤਣ ਪਿੱਛੋਂ ਬੇਟੇ ਡੇਵਿਡ ਨੇ ਖੁਦ ਆਪਣੀ ਮਾਂ ਦੀ ਤਲਾਸ਼ ਸ਼ੁਰੂ ਕੀਤੀ। ਡੇਵਿਡ ਦੇ ਕੋਲ ਮਾਂ ਦਾ ਪਤਾ ਲਾਉਣ ਲਈ ਸਿਰਫ ਇੱਕ ਫੋਟੋ ਤੇ ਪੱਲਾਵਰਮ ਦੇ ਇੱਕ ਸ਼ੈਲਟਰ ਹੋਮ ਦਾ ਪਤਾ ਸੀ, ਜਿਹੜਾ ਸਾਲ 1990 ਵਿੱਚ ਬੰਦ ਹੋ ਚੁੱਕਾ ਸੀ। ਫਿਰ ਵੀ ਡੇਵਿਡ ਨੇ ਉਮੀਦ ਨਹੀਂ ਛੱਡੀ ਅਤੇ ਜਨਮ ਦੇ 39 ਸਾਲ ਬਾਅਦ ਪਹਿਲੀ ਵਾਰ ਚੇਨਈ ਪਹੁੰਚੇ ਅਤੇ 2013 ਵਿੱਚ ਚੇਨਈ ਆ ਕੇ ਉਨਾਂ ਨੇ ਐਕਟੀਵਿਸਟ ਅਰੁਣ ਦੋਹਲੇ ਨਾਲ ਮੁਲਾਕਾਤ ਕੀਤੀ ਅਤੇ ਫਿਰ ਮਾਂ ਦੀ ਤਲਾਸ਼ ਸ਼ੁਰੂ ਕੀਤੀ। ਇਸ ਦੇ ਬਾਅਦ ਛੇ ਸਾਲ ਦੀ ਤਲਾਸ਼ ਤਦ ਖਤਮ ਹੋਈ, ਜਦ ਬੀਤੇ ਮਹੀਨੇ ਕੋਪੇਨਹੇਗਨ ਤੋਂ ਡੇਵਿਡ ਨੇ ਆਪਣੀ ਮਾਂ ਨਾਲ ਵੀਡੀਓ ਕਾਲ ਦੇ ਜ਼ਰੀਏ ਗੱਲ ਕੀਤੀ। ਇਸ ਦੇ ਬਾਅਦ ਡੇਵਿਡ ਨਵੰਬਰ ਵਿੱਚ ਚੇਨਈ ਪਹੁੰਚੇ, ਜਿੱਥੇ ਉਹ ਆਪਣੀ ਮਾਂ ਨੂੰ ਮਿਲਣ ਪਹੁੰਚੇ। ਇਸ ਦੌਰਾਨ ਇੱਕ ਦਿਨ ਜਦ ਧਨਲਛਮੀ ਬੇਟੇ ਨੂੰ ਮਿਲਣ ਪਹੁੰਚੀ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਬੱਚੇ ਨੂੰ ਕਿਸੇ ਨੇ ਗੋਦ ਲੈ ਲਿਆ ਹੈ। ਧਨਲਛਮੀ ਨੇ ਬੱਚੇ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਬੱਚਾ ਡੈਨਮਾਰਕ ਦੇ ਇੱਕ ਪਰਵਾਰ ਨਾਲ ਚੰਗੇ ਹਾਲਾਤ ਵਿੱਚ ਹੈ। ਧਨਲਛਮੀ ਕੋਲ ਸਿਰਫ ਬੇਟੇ ਦੀ ਉਹ ਫੋਟੋ ਸੀ, ਜੋ ਡੈਨਮਾਰਕ ਤੋਂ ਡੇਵਿਡ ਨੂੰ ਗੋਦ ਲੈਣ ਵਾਲੀ ਮਹਿਲਾ ਨੇ ਸ਼ੈਲਟਰ ਹੋਮ ਦੇ ਅਧਿਕਾਰੀਆਂ ਨੂੰ ਭੇਜੀ ਸੀ।

# ਪੰਡਿਤ ਕਹਿਣੋਂ ਰੋਕਿਆ ਤਾਂ ਪਹਿਲਾਂ ਗੋਲੀ ਮਾਰੀ, ਫਿਰ ਬਾਈਕ ਨੂੰ ਅੱਗ ਲਾ ਦਿੱਤੀ

ਮੁਜ਼ੱਫਰਪੁਰ, 25 ਨਵੰਬਰ (ਪੋਸਟ ਬਿਊਰੋ)- ਬਿਹਾਰ ਦੇ ਮੁਜ਼ੱਫਰਪੁਰ ਵਿੱਚ ਦੋਸ਼ੀਆਂ ਨੇ ਪੰਡਤ ਕਹਿਣ ਦੇ ਵਿਵਾਦ ਵਿੱਚ ਹੀ ਇੱਕ ਨੌਜਵਾਨ ਨੂੰ ਨਾ ਸਿਰਫ ਗੋਲੀ ਮਾਰ ਦਿੱਤੀ, ਸਗੋਂ ਉਸ ਦੀ ਬਾਈਕ ਨੂੰ ਵੀ ਅੱਗ ਲਾ ਕੇ ਸਾੜ ਦਿੱਤਾ।
ਇਹ ਘਟਨਾ ਜ਼ਿਲੇ ਦੇ ਅਹਿਆਪੁਰ ਥਾਣੇ ਦੇ ਆਦਰਸ਼ ਨਗਰ ਦੀ ਹੈ। ਸੋਨੂੰ ਨਾਮੀ ਇੱਕ ਨੌਜਵਾਨ ਦੇ ਪੈਰ ਵਿੱਚ ਗੋਲੀ ਲੱਗੀ ਹੈ, ਜਿਹੜਾ ਇੱਕ ਨਿੱਜੀ ਨਰਸਿੰਗ ਹੋਮ ਵਿੱਚ ਇਲਾਜ ਅਧੀਨ ਹੈ। ਬਾਈਕ ਚਲਾ ਰਹੇ ਦੂਸਰੇ ਨੌਜਵਾਨ ਜੈ ਪ੍ਰਕਾਸ਼ ਨੇ ਭੱਜ ਕੇ ਆਪਣੀ ਜਾਨ ਬਚਾਈ ਹੈ। ਮਿਲੀ ਜਾਣਕਾਰੀ ਮੁਤਾਬਕ



ਸ਼ਨੀਵਾਰ ਸ਼ਾਮ ਜੈ ਪ੍ਰਕਾਸ਼ ਆਪਣੇ ਦੋਸਤ ਸੋਨੂੰ ਨੂੰ ਬਾਈਕ 'ਤੇ ਲੈ ਕੇ ਆਦਰਸ਼ ਨਗਰ ਤੋਂ ਨਿਕਲਿਆ ਤਾਂ ਇੱਕ ਬਾਈਕ 'ਤੇ ਸਵਾਰ ਦੋ ਨੌਜਵਾਨ ਆਏ ਅਤੇ ਜੈ ਪ੍ਰਕਾਸ਼ ਨੂੰ ਪੰਡਿਤ ਜੀ ਕਹਿ ਕੇ ਚਿੜਾਉਣ ਲੱਗੇ। ਜੈ ਪ੍ਰਕਾਸ਼ ਦੇ ਪਿਤਾ ਕਰਮ ਕਾਂਡੀ ਬ੍ਰਾਹਮਣ ਹਨ, ਪਰ ਬੇਟੇ ਨੂੰ ਪੰਡਤ ਜੀ ਕਹਿਣ ਦਾ ਜਦੋਂ ਦੋਵਾਂ ਨੇ ਵਿਰੋਧ ਕੀਤਾ ਤਾਂ ਇਸ ਗੱਲ ਉਤੇ ਵਿਵਾਦ ਵਧ ਗਿਆ। ਇਸ ਤੋਂ ਬਾਅਦ ਬਾਈਕ ਸਵਾਰ ਨੌਜਵਾਨਾਂ ਨੇ ਕੱਟਾ (ਦੇਸੀ ਪਿਸਤੌਲ) ਕੱਢ ਲਿਆ ਤਾਂ ਜੈ ਪ੍ਰਕਾਸ਼ ਅਤੇ ਸੋਨੂੰ ਡਰ ਗਏ। ਉਨ੍ਹਾਂ ਨੇ ਕੱਟਾ ਤਾਣ ਦਿੱਤਾ ਤਾਂ ਉਹ ਦੋਵੇਂ ਭੱਜਣ ਲੱਗੇ, ਪਰ ਇਸ ਦੇ ਬਾਅਦ ਹੋਈ ਫਾਈਰਿੰਗ ਦੌਰਾਨ ਜੈ ਪ੍ਰਕਾਸ਼ ਬਚ ਗਿਆ ਤੇ ਪਿੱਛੇ ਬੈਠੇ ਸੋਨੂੰ ਦੇ ਪੈਰ ਵਿੱਚ ਗੋਲੀ ਲੱਗ ਗਈ। ਇਸ ਤੋਂ ਬਾਅਦ ਮੁਲਜ਼ਮਾਂ ਨੇ ਜੈ ਪ੍ਰਕਾਸ਼ ਦੀ ਬਾਈਕ 'ਤੇ ਬੰਬ ਮਾਰ ਦਿੱਤਾ, ਜਿਸ ਨਾਲ ਉਸ ਦੀ ਬਾਈਕ ਮੌਕੇ 'ਤੇ ਸੜ ਗਈ। ਜੈ ਪ੍ਰਕਾਸ਼ ਦੇ ਰੌਲਾ ਪਾਉਣ 'ਤੇ ਲੋਕਾਂ ਨੇ ਜ਼ਖਮੀਆਂ ਨੂੰ ਹਸਪਤਾਲ ਵਿੱਚ ਭਰਤੀ ਕਰਾਇਆ, ਜਿੱਥੇ ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ।

# ਬੈਂਗਲੂਰੂ ਪੁਲਿਸ ਨੇ ਸਵਾਮੀ ਨਿਤਿਆਨੰਦ ਦਾ ਰਿਕਾਰਡ ਮੰਗਿਆ

ਅਹਿਮਦਾਬਾਦ, 25 ਨਵੰਬਰ (ਪੋਸਟ ਬਿਊਰੋ)- ਭਾਰਤ ਵਿੱਚੋਂ ਫ਼ਰਾਰ ਹੋ ਗਏ ਦੱਸੇ ਜਾਂਦੇ ਤੇ ਵਿਵਾਦਾਂ ਵਿੱਚ ਫਸੇ ਹੋਏ ਸਵਾਮੀ ਨਿਤਿਆਨੰਦ ਦੇ ਆਸ਼ਰਮ ਤੋਂ ਦੋ ਕੁੜੀਆਂ ਦੇ ਗੁੰਮ ਹੋਣ ਦੇ ਕੇਸ ਦੀ ਜਾਂਚ ਕਰ ਰਹੀ ਗੁਜਰਾਤ ਪੁਲਿਸ ਨੂੰ ਉਥੋਂ ਦੇ ਡਿਜੀਟਲ ਲਾਕਰ ਤੋਂ ਛੇ ਮੋਬਾਈਲ ਫੋਨ, ਚਾਰ ਸਿਮ ਅਤੇ ਕੁਝ ਗਹਿਣੇ ਮਿਲੇ ਹਨ। ਇਸ ਕੇਸ ਦੀ ਜਾਂਚ ਦੌਰਾਨ ਦਿੱਲੀ ਪਬਲਿਕ ਸਕੂਲ ਉੱਤੇ ਵੀ ਸ਼ਿਕੰਜਾ ਕੱਸਦਾ ਜਾਂਦਾ ਹੈ। ਜਾਂਚ ਕਰ ਰਹੇ ਅਧਿਕਾਰੀਆਂ ਨੇ ਬੈਂਗਲੂਰੂ ਪੁਲਿਸ ਤੋਂ ਇਸ ਸੰਬੰਧ ਵਿੱਚ ਸਵਾਮੀ ਨਿਤਿਆਨੰਦ ਦਾ ਅਪਰਾਧਿਕ ਰਿਕਾਰਡ ਵੀ ਮੰਗ ਲਿਆ ਹੈ। ਨਿਤਿਆਨੰਦ ਕੇਸ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ ਨੇ ਦੋ ਦਿਨ ਪਹਿਲਾਂ ਨਿਤਿਆਨੰਦ ਦੇ ਡਿਜੀਟਲ ਲਾਕਰ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਸੀ, ਪ੍ਰੰਤੂ ਪੁਲਿਸ ਦੀ ਗ੍ਰਿਫਤ ਵਿਚ ਆਈਆਂ ਆਸ਼ਰਮ ਦੀਆਂ ਦੋ ਸੇਵਕਾਵਾਂ ਪ੍ਰਾਣਪ੍ਰਿਆ ਤੇ ਤਤਵਪ੍ਰਿਆ ਨੇ ਉਸ ਦਾ ਪਾਸਵਰਡ ਨਹੀਂ ਸੀ ਦੱਸਿਆ। ਇਸ ਪਿੱਛੋਂ ਲਾਕਰ ਨੂੰ ਕਟਰ ਨਾਲ ਕੱਟਿਆ ਗਿਆ ਸੀ ਤਾਂ ਇਸ ਵਿਚੋਂ ਛੇ ਮੋਬਾਈਲ ਫੋਨ, ਚਾਰ ਸਿਮ ਕਾਰਡ, ਕੁਝ ਨਕਦੀ ਤੇ ਸੋਨੇ-ਚਾਂਦੀ ਦੇ ਗਹਿਣੇ ਮਿਲੇ ਹਨ। ਪੁਲਿਸ ਆਪਣੀ ਜਾਂਚ ਵਿੱਚ ਫੌਰੈਂਸਿਕ ਸਾਇੰਸ ਲੈਬ (ਐੱਫ ਐੱਸ ਐੱਲ) ਦੀ ਵੀ ਮਦਦ ਲੈ ਰਹੀ ਹੈ। ਮੋਬਾਈਲ ਦੀ ਐੱਫ ਐੱਸ ਐੱਲ ਜਾਂਚ ਤੋਂ ਇਸ ਆਸ਼ਰਮ ਵਿਚ ਹੋਣ ਵਾਲੇ ਵ੍ਹਟਸਐਪ ਚੈਟ ਨੂੰ ਰਿਕਵਰ ਕਰ ਕੇ ਇਨ੍ਹਾਂ ਦੀ ਕਾਰਜ ਪ੍ਰਣਾਲੀ ਤੇ ਸਾਜ਼ਿਸ਼ ਨਾਲ ਫ਼ਰਾਰ ਦੋ ਕੁੜੀਆਂ ਬਾਰੇ ਵੀ ਸੁਰਾਗ ਲੱਗ ਸਕਦਾ ਹੈ। ਗੁਜਰਾਤ ਪੁਲਿਸ ਨੇ ਇਸ ਦੌਰਾਨ ਬੈਂਗਲੁਰੂ ਪੁਲਿਸ ਨੂੰ ਇੱਕ ਪੱਤਰ ਲਿਖ ਕੇ ਨਿਤਿਆਨੰਦ ਦੇ ਖ਼ਿਲਾਫ਼ ਓਥੇ ਚੱਲਦੇ ਅਪਰਾਧਿਕ ਮਾਮਲਿਆਂ ਦਾ ਵੀ ਰਿਕਾਰਡ ਮੰਗਿਆ ਹੋਇਆ ਹੈ ਤਾਂ ਕਿ ਆਪਣੀ ਜਾਂਚ ਪੱਕੀ ਕਰਨ ਦੇ ਨਾਲ ਉਸ ਨੂੰ ਸਹੀ ਦਿਸ਼ਾ ਵਿਚ ਲਿਜ-ਾਇਆ ਜਾ ਸਕੇ।
ਇਸ ਦੌਰਾਨ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀ ਬੀ ਐੱਸ ਈ) ਨੇ ਅਹਿਮਦਾਬਾਦ ਵਿਚ ਚੱਲ ਰਹੇ ਸਵਾਮੀ ਨਿਤਿਆਨੰਦ ਦੇ ਆਸ਼ਰਮ ਲਈ ਸਕੂਲ ਦੀ ਜ਼ਮੀਨ ਬਿਨਾਂ ਇਜਾਜ਼ਤ ਪਟੇ ਉੱਤੇ ਦੇਣ ਦੇ ਕੇਸ ਵਿਚ ਗੁਜਰਾਤ ਦੇ ਸਿੱਖਿਆ ਵਿਭਾਗ ਤੋਂ ਰਿਪੋਰਟ ਮੰਗੀ ਹੈ। ਸੀ ਬੀ ਐੱਸ ਈ ਨੇ ਬੋਰਡ ਦੀ ਇਜਾਜ਼ਤ ਦੇ ਬਿਨਾਂ ਸਵਾਮੀ ਨਿਤਿਆਨੰਦ ਆਸ਼ਰਮ ਨੂੰ ਡੀ ਪੀ ਐੱਸ ਹਾਥੀਜਨ ਅਹਿਮਦਾਬਾਦ ਦੀ ਜ਼ਮੀਨ ਪਟੇ ਉੱਤੇ ਦੇਣ ਦੇ ਕੇਸ ਵਿਚ ਜਾਂਚ ਕਰਨ ਲਈ ਗੁਜਰਾਤ ਦੇ ਸਿੱਖਿਆ ਵਿਭਾਗ ਨੂੰ ਪੱਤਰ ਲਿਖਿਆ ਤੇ ਕਿਹਾ ਕਿ ਇਸ ਮਾਮਲੇ ਦੀ ਜਾਂਚ ਤੇਜ਼ੀ ਨਾਲ ਹੋਣੀ ਚਾਹੀਦੀ ਹੈ।

MICHELIN | HANKOOK | Continental | ROADLUX | BFGoodrich | AEOLUS | COMPASAL | Chevron Delo

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ
30 Truck Parking Also Available!

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055





# ਬ੍ਰਿਟਿਸ਼ ਚੋਣਾਂ ਵਿੱਚ ਕਸ਼ਮੀਰ ਤੇ ਪੰਜਾਬ ਮੁੱਦਾ ਬਣੇ

## * ਭਾਰਤੀ ਵੋਟਰਾਂ ਨੂੰ ਖ਼ੁਸ਼ ਕਰਨ ਦੀ ਹਰ ਪਾਸਿਉਂ ਕੋਸ਼ਿਸ਼

ਲੰਡਨ, 25 ਨਵੰਬਰ (ਪੋਸਟ ਬਿਊਰੋ)- ਵੱਡੀ ਗਿਣਤੀ ਵਿੱਚ ਵਿਦੇਸ਼ ਰਹਿੰਦੇ ਭਾਰਤੀ ਓਥੋਂ ਦੇ ਸਮਾਜਿਕ ਤੇ ਰਾਜਨੀਤਕ ਜੀਵਨ ਨੂੰ ਪ੍ਰਭਾਵਤ ਕਰਦੇ ਹਨ। ਬ੍ਰਿਟੇਨ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਰਹਿੰਦੇ ਹਨ ਤੇ ਇਸ ਵਾਰ ਚੋਣਾਂ ਵਿੱਚ ਇਨ੍ਹਾਂ ਨੂੰ ਵਧੇਰੇ ਪਹਿਲ ਦਿੱਤੀ ਜਾ ਰਹੀ ਹੈ। ਭਾਰਤ ਵਿੱਚ ਚੋਣਾਂ ਮੌਕੇ ਜੰਮੂ ਜਾਂ ਪੰਜਾਬ ਦਾ ਮੁੱਦਾ ਉੱਠਦਾ ਨਹੀਂ ਦੇਖਿਆ ਗਿਆ, ਪਰ ਇਸ ਵਾਰ ਬ੍ਰਿਟੇਨ ਵਿੱਚ ਇਨ੍ਹਾਂ ਦੀ ਖਾਸ ਚਰਚਾ ਹੈ।

ਬ੍ਰਿਟੇਨ ਦੀਆਂ ਚੋਣਾਂ ਵਿੱਚ ਪੰਜਾਬ ਅਤੇ ਜੰਮੂ ਦਾ ਜ਼ਿਕਰ ਹੋਣਾ ਆਪਣੇ-ਆਪ ਵਿੱਚ ਖਾਸ ਗੱਲ ਹੈ। ਓਥੋਂ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੀ ਅਗਵਾਈ ਹੇਠ ਕੰਜ਼ਰਵੇਟਿਵ ਪਾਰਟੀ ਨੇ ਐਲਾਨਨਾਮਾ ਜਾਰੀ ਕੀਤਾ ਹੈ, ਜਿਸ ਵਿੱਚ ਕਸ਼ਮੀਰ ਤੇ ਪੰਜਾਬ ਨੂੰ ਮਹੱਤਵ ਦਿੱਤਾ ਗਿਆ ਹੈ। ਜਾਨਸਨ ਨੇ ਆਪਣੀ ਪਾਰਟੀ ਦੇ ਮੈਨੀਫੈਸਟੋ ਵਿੱਚ ਭਾਰਤ ਅਤੇ ਕਾਮਨਵੈਲਥ ਦੇ ਹੋਰਨਾਂ ਦੇਸ਼ਾਂ ਨਾਲ ਮਜ਼ਬੂਤ ਸਬੰਧਾਂ ਦੀ ਗੱਲ ਵੀ ਆਖੀ ਹੈ।

ਵਰਨਣ ਯੋਗ ਹੈ ਕਿ ਬ੍ਰਿਟੇਨ ਵਿੱਚ 12 ਦਸੰਬਰ ਨੂੰ ਚੋਣਾਂ ਹਨ। ਓਥੇ ਰਹਿੰਦੇ ਭਾਰਤੀਆਂ ਨੂੰ ਖੁਸ਼ ਕਰਨ ਅਤੇ ਵੋਟਾਂ ਖਿੱਚਣ ਲਈ ਰਾਜ ਕਰਦੀ ਪਾਰਟੀ ਨੇ ਇਹ ਐਲਾਨਨਾਮਾ ਬਣਾਇਆ ਹੈ। ਏਥੇ ਤਿੰਨ ਵੱਡੀਆਂ ਪਾਰਟੀਆਂ ਦੇ ਐਲਾਨਨਾਮੇ ਵਿੱਚ ਕਸ਼ਮੀਰ ਤੇ ਪੰਜਾਬ ਤੋਂ ਇਲਾਵਾ ਜਾਤਾਂ ਤੱਕ ਉੱਤੇ ਵੀ ਧਿਆਨ ਦਿੱਤਾ ਗਿਆ ਹੈ। ਕੰਜ਼ਰਵੇਟਿਵ ਪਾਰਟੀ ਨੇ ਵਿਰੋਧੀ ਧਿਰ ਲੇਬਰ ਤੇ ਲਿਬਰਲ ਡੈਮੋਕ੍ਰੇਟਿਕ ਪਾਰਟੀਆਂ ਤੋਂ ਵੱਖਰਾ ਰੁਖ ਰੱਖਿਆ ਹੈ। ਇਸ ਦੇ ਬਾਅਦ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਵਪਾਰ ਵਧਾਉਣ ਲਈ ਉੱਭਰਦੇ ਹੋਏ ਬਾਜ਼ਾਰਾਂ ਨਾਲ ਐਕਸਪੋਰਟ ਫਾਇਨਾਂਸ ਦੀ ਵਰਤੋਂ ਕਰੇਗੀ।




ਸਾਲ 2017 ਵਿੱਚ ਕਨਜ਼ਰਵੇਟਿਵ ਪਾਰਟੀ ਦੇ ਐਲਾਨ ਨਾਮੇ ਵਿੱਚ ਭਾਰਤ ਦਾ ਕੋਈ ਜ਼ਿਕਰ ਨਹੀਂ ਸੀ, ਪਰ ਸਾਲ 2019 ਦੇ ਮੈਨੀਫੈਸਟੋ ਬਾਰੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਕਿਹਾ, 'ਅਸੀਂ ਕਾਮਨਵੈਲਥ ਦੇਸ਼ਾਂ ਨਾਲ ਸਬੰਧ ਮਜ਼ਬੂਤ ਕਰਾਂਗੇ, ਜਿਸ ਵਿੱਚ ਤੇਜ਼ੀ ਨਾਲ ਵਧਦੀ ਅਰਥ ਵਿਵਸਥਾ ਵਾਲਾ ਭਾਰਤ ਵੀ ਹੈ, ਜਿਸ ਨਾਲ ਸਾਡੇ ਪਹਿਲਾਂ ਤੋਂ ਇਤਿਹਾਸਕ ਅਤੇ ਸੱਭਿਆਚਾਰਕ ਸਬੰਧ ਹਨ।' ਬ੍ਰਿਟੇਨ ਵਿੱਚ ਵੱਸਦੇ ਭਾਰਤੀਆਂ ਦੀ ਗਿਣਤੀ ਕਰੀਬ 1.5 ਮਿਲੀਅਨ ਹੈ। ਲਿਬਰਲ ਡੈਮੋਕ੍ਰੇਟਸ, ਜਿਹੜੀ ਚੋਣਾਂ ਵਿੱਚ ਤੀਜੀ ਸਭ ਤੋਂ ਵੱਡੀ ਪਾਰਟੀ ਵਜੋਂ ਸਾਹਮਣੇ ਆ ਰਹੀ ਹੈ, ਵੱਲੋਂ ਵੋਟਰਾਂ ਨੂੰ ਬ੍ਰੈਗਜ਼ਿਟ ਰੋਕਣ ਦਾ ਵਾਅਦਾ ਕੀਤਾ ਗਿਆ ਹੈ। ਭਾਰਤ ਦਾ ਜ਼ਿਕਰ ਇਸ ਪਾਰਟੀ ਦੇ ਮੈਨੀਫੈਸਟੋ ਵਿੱਚ ਨਹੀਂ ਕੀਤਾ ਗਿਆ। ਇਸ ਪਾਰਟੀ ਨੇ ਚੋਣਾਂ ਲਈ ਇਸ ਵਾਰ ਭਾਰਤੀ ਮੂਲ ਦਾ ਕੋਈ ਉਮੀਦਵਾਰ ਖੜ੍ਹਾ ਵੀ ਨਹੀਂ ਕੀਤਾ। ਲਿਸਟਰ ਤੋਂ ਪਾਰਟੀ ਦੇ ਭਾਰਤੀ ਮੂਲ ਦੇ ਪਾਰਲੀਮੈਂਟ ਮੈਂਬਰ ਕੀਥ ਵਾਜ਼ ਦੇ ਕਾਰਨ ਪਾਰਟੀ ਨੂੰ ਕਾਫੀ ਸ਼ਰਮਿੰਦਗੀ ਝੱਲਣੀ ਪਈ ਹੈ।

ਲੇਬਰ ਪਾਰਟੀ ਦੇ ਐਲਾਨ ਨਾਮੇ ਵਿੱਚ ਪਾਰਟੀ ਨੇ ਚੁਣੇ ਜਾਣ ਪਿੱਛੋਂ ਸਾਲ 1919 ਵਿੱਚ ਹੋਏ ਜਲਿਆਂਵਾਲਾ ਬਾਗ ਦੇ ਕਾਂਡ ਦੀ ਪੂਰੀ ਮੁਆਫੀ ਮੰਗਣ ਦਾ ਵਾਅਦਾ ਕੀਤਾ ਹੈ। ਇਸ ਦੇ ਨਾਲ 1984 ਦੇ ਅਪਰੇਸ਼ਨ ਬਲਿਊ ਸਟਾਰ ਦੇ ਵਕਤ ਬ੍ਰਿਟੇਨ ਦੀ ਸਰਕਾਰ ਦੇ ਰੋਲ ਦਾ ਰੀਵਿਊ ਕਰਨ ਦੀ ਗੱਲ ਆਖੀ ਹੈ,ਜਿਸ ਦਾ ਜ਼ਿਕਰ ਸਾਲ 2014 ਵਿੱਚ ਰਿਲੀਜ਼ ਕੀਤੇ ਕੁਝ ਡਾਕੂਮੈਂਟਸ ਵਿੱਚ ਕੀਤਾ ਗਿਆ ਸੀ। ਲੇਬਰ ਪਾਰਟੀ ਨੇ ਮਨੁੱਖੀ ਅਧਿਕਾਰ ਮੁੱਦੇ ਦਾ ਜ਼ਿਕਰ ਕਰਦੇ ਹੋਏ ਕੰਜ਼ਰਵੇਟਿਵ ਪਾਰਟੀ ਉੱਤੇ ਹਮਲਾ ਬੋਲਿਆ ਹੈ।

## ਪੋਪ ਹੀਰੋਸ਼ੀਮਾ 'ਚ ਐਟਮੀ ਹਮਲੇ ਦੇ ਪੀੜਤਾਂ ਨੂੰ ਮਿਲੇ

ਹੀਰੋਸ਼ੀਮਾ, 25 ਨਵੰਬਰ (ਪੋਸਟ ਬਿਊਰੋ)- ਪੋਪ ਫਰਾਂਸਿਸ ਨੇ ਜਾਪਾਨ ਵਿੱਚ ਆਪਣੇ ਚਾਰ ਰੋਜ਼ਾ ਦੌਰੇ ਦੀ ਸ਼ੁਰੂਆਤ ਕੱਲ੍ਹ ਨੂੰ ਹੀਰੋਸ਼ੀਮਾ ਤੋਂ ਕੀਤੀ। 1945 ਦੇ ਐਟਮੀ ਹਮਲੇ ਦੇ ਨੁਕਸਾਨ ਨੂੰ ਵੇਖਣ ਵਾਲੇ ਲੋਕਾਂ ਨੇ ਕੱਲ੍ਹ ਨੂੰ ਇੱਕ ਪ੍ਰੋਗਰਾਮ ਵਿੱਚ ਪੋਪ ਨਾਲ ਮੁਲਾਕਾਤ ਕਰਕੇ ਆਪਣੀ ਦਰਦ ਭਰੀ ਦਾਸਤਾਨ ਸੁਣਾਈ। ਉਸ ਤ੍ਰਾਸਦੀ ਨੂੰ ਦੇਖਣ ਵਾਲੇ ਲੋਕਾਂ ਤੋਂ ਤਬਾਹੀ ਦਾ ਬਿਰਤਾਂਤ ਸੁਣਨ ਪਿੱਛੋਂ ਪੋਪ ਐਟਮੀ ਹਥਿਆਰਾਂ ਦੀ ਵਰਤੋਂ 'ਤੇ ਜੰਮ ਕੇ ਵਰ੍ਹੇ।

ਦੂਜੇ ਵਿਸ਼ਵ ਯੁੱਧ ਦੇ ਅੰਤ ਵਿੱਚ ਅਮਰੀਕਾ ਨੇ ਅਗਸਤ 1945 ਵਿੱਚ ਜਾਪਾਨ ਦੇ ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰਾਂ 'ਤੇ ਐਟਮੀ ਬੰਬ ਸੁੱਟੇ ਸਨ। ਇਨ੍ਹਾਂ ਵਿੱਚ ਲੱਖਾਂ ਲੋਕਾਂ ਦੀ ਮੌਤ ਹੋ ਗਈ ਸੀ। ਐਟਮੀ ਧਮਾਕੇ ਤੋਂ ਪੈਦਾ ਹੋਏ ਘਾਤਕ ਰੇਡੀਏਸ਼ਨ ਨਾਲ ਵੱਡੀ ਆਬਾਦੀ ਗੰਭੀਰ ਬਿਮਾਰੀਆਂ ਦੀ ਲਪੇਟ ਵਿੱਚ ਆ ਗਈ ਸੀ। ਇਸ ਤ੍ਰਾਸਦੀ ਦਾ ਸਾਹਮਣਾ ਕਰਨ ਵਾਲੀ ਬਜ਼ੁਰਗ ਪੀੜਤਾ ਯੋਸ਼ਿਕੋ ਕਾਜ਼ੀਮੋਟੋ ਨੇ ਪੋਪ ਨੂੰ ਦੱਸਿਆ ਕਿ ਐਟਮੀ ਹਮਲੇ ਪਿੱਛੋਂ ਉਨ੍ਹਾਂ ਨੇ ਸੜਕਾਂ 'ਤੇ ਅੱਧੇ ਸੜੇ ਲੋਕਾਂ ਨੂੰ ਦਰਦ ਨਾਲ ਚੀਕਦੇ ਦੇਖਿਆ ਸੀ।

## ਸਿਰ ਹਿਲਾ ਕੇ ਕੰਨਾਂ ਵਿੱਚੋਂ ਪਾਣੀ ਨਾ ਕੱਢੋ

ਅਮਰੀਕਾ, 25 ਨਵੰਬਰ (ਪੋਸਟ ਬਿਊਰੋ)- ਕੰਨ ਵਿੱਚ ਪਾਣੀ ਚਲਾ ਜਾਏ ਤਾਂ ਅਕਸਰ ਲੋਕ ਸਿਰ ਹਿਲਾ ਕੇ ਛੁਟਕਾਰਾ ਪਾ ਲੈਣਾ ਚਾਹੁੰਦੇ ਹਨ। ਤਾਜ਼ਾ ਖੋਜ ਵਿੱਚ ਇਸ ਤਰੀਕੇ ਨੂੰ ਖਤਰਨਾਕ ਦੱਸਿਆ ਗਿਆ ਹੈ। ਅਮਰੀਕਾ ਦੀ ਕਾਰਨੇਲ ਯੂਨੀਵਰਸਿਟੀ ਅਤੇ ਵਰਜੀਨੀਆ ਟੇਕ ਦੇ ਖੋਜਕਾਰਾਂ ਦਾ ਕਹਿਣਾ ਹੈ ਕਿ ਕੰਨ 'ਚੋਂ ਪਾਣੀ ਕੱਢਣ ਦਾ ਇਹ ਤਰੀਕਾ ਇਨਫੈਕਸ਼ਨ ਅਤੇ ਦਿਮਾਗ ਦੀ ਗੜਬੜ ਦਾ ਕਾਰਨ ਬਣ ਸਕਦਾ ਹੈ। ਬੱਚਿਆਂ ਦੇ ਲਈ ਇਹ ਪ੍ਰਕਿਰਿਆ ਜ਼ਿਆਦਾ ਖਤਰਨਾਕ ਦੱਸੀ ਗਈ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਸਿਰ ਹਿਲਾ ਕੇ ਕੰਨ ਵਿੱਚ ਰੁਕਿਆ ਹੋਇਆ ਪਾਣੀ ਕੱਢਣ ਦੀ ਥਾਂ ਹੋਰ ਤਰੀਕੇ ਅਪਣਾਉਣਾ ਸਹੀ ਹੋ ਸਕਦਾ ਹੈ। ਕੰਨ ਵਿੱਚ ਕੁਝ ਬੂੰਦਾਂ ਅਲਕੋਹਲ ਪਾ ਕੇ ਪਾਣੀ ਨੂੰ ਆਸਾਨੀ ਨਾਲ ਬਾਹਰ ਕੱਢਿਆ ਜਾ ਸਕਦਾ ਹੈ। ਇਸ ਨਾਲ ਕਿਸੇ ਤਰ੍ਹਾਂ ਦੇ ਮਾੜੇ ਪ੍ਰਭਾਵ ਦੀ ਡਰ ਨਹੀਂ ਰਹਿੰਦਾ।

ਐਵੋਕਾਡੋ ਦੀ ਵਰਤੋਂ ਦਾ ਇੱਕ ਵੱਡਾ ਫਾਇਦਾ ਸਾਹਮਣੇ ਆਇਆ ਹੈ। ਖੋਜਕਾਰਾਂ ਦਾ ਕਹਿਣਾ ਹੈ ਕਿ ਐਵੋਕਾਡੋ ਦੀ ਵਰਤੋਂ ਡਾਇਬਟੀਜ਼ ਦੀ ਪ੍ਰੇਸ਼ਾਨੀ ਤੋਂ ਬਚਾਉਣ ਵਿੱਚ ਕਾਰਗਰ ਹੈ। ਐਵੋਕਾਡੋ ਵਿੱਚ ਇੱਕ ਤੱਤ ਹੁੰਦਾ ਹੈ, ਜੋ ਸਰੀਰ ਵਿੱਚ ਡਾਇਬਟੀਜ਼ ਦਾ ਕਾਰਨ ਬਣਨ ਵਾਲੀ ਪ੍ਰਕਿਰਿਆ ਨੂੰ ਰੋਕਣ ਦੇ ਸਮਰੱਥ ਹੈ।

## ਸ਼ਿਨਜਿਆਂਗ ਹਿਰਾਸਤੀ ਕੈਂਪਾਂ ਬਾਰੇ ਚੀਨ ਉੱਤੇ ਝੂਠ ਬੋਲਣ ਦਾ ਦੋਸ਼ ਫਿਰ ਲੱਗਾ

ਬੀਜਿੰਗ, 25 ਨਵੰਬਰ (ਪੋਸਟ ਬਿਊਰੋ)- ਚੀਨ ਦੇ ਗੜਬੜ ਵਾਲੇ ਸ਼ਿਨਜਿਆਂਗ ਸੂਬੇ ਵਿਚ ਚੱਲਦੇ ਹਿਰਾਸਤੀ ਕੈਂਪਾਂ ਨਾਲ ਜੁੜੇ ਦਸਤਾਵੇਜ਼ਾਂ ਦੇ ਸਾਹਮਣੇ ਆਉਣ ਨਾਲ ਚੀਨ ਘਿਰਦਾ ਜਾਪਦਾ ਹੈ। ਮਾਹਰਾਂ ਦੇ ਮੁਤਾਬਿਕ ਇਨ੍ਹਾਂ ਕੈਂਪਾਂ ਵਿਚ ਉਈਗਰ ਮੁਸਲਿਮ ਕੈਦੀਆਂ ਉੱਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਨਾਲ ਚੀਨ ਦੀ ਇਹ ਗੱਲ ਗ਼ਲਤ ਸਾਬਿਤ ਹੁੰਦੀ ਦਿਸਦੀ ਹੈ ਜਿਸ ਵਿਚ ਉਹ ਇਨ੍ਹਾਂ ਨੂੰ ਵਪਾਰਕ ਸਿਖਲਾਈ ਕੇਂਦਰ ਦੱਸਦਾ ਹੈ।


ਲੰਡਨ ਵਿਚ ਚੀਨੀ ਦੂਤਘਰ ਨੇ ਇਸ ਰਿਪੋਰਟ ਨੂੰ ਰੱਦ ਕਰਦੇ ਹੋਏ ਮਨਘੜਤ ਤੇ ਫ਼ਰਜ਼ੀ ਕਿਹਾ ਹੈ। ਦੂਤਘਰ ਨੇ ਕਿਹਾ ਕਿ ਹਿਰਾਸਤੀ ਕੈਂਪਾਂ ਨਾਲ ਜੁੜੇ ਅਜਿਹੇ ਕਿਤੇ ਤਰ੍ਹਾਂ ਦੇ ਦਸਤਾਵੇਜ਼ ਆਦੇਸ਼ ਨਹੀਂ ਹਨ। ਇਨ੍ਹਾਂ ਸਿਖਲਾਈ ਕੇਂਦਰਾਂ ਨੂੰ ਅੱਤਵਾਦ ਦੀ ਰੋਕਥਾਮ ਲਈ ਬਣਾਇਆ ਗਿਆ ਹੈ।

ਅਸਲ ਵਿੱਚ ਇਹ ਦਸਤਾਵੇਜ਼ ਇੰਟਰਨੈਸ਼ਨਲ ਕੰਸੋਰਟੀਅਮ ਆਫ ਇਨਵੈਸਟੀਗੇਟਿਵ ਜਰਨਲਿਟਸ (ਆਈ ਸੀ ਆਈ ਜੇ) ਵੱਲੋਂ ਹਾਸਲ ਕੀਤੇ ਗਏ ਸਨ ਤੇ ਐਤਵਾਰ ਨੂੰ ਸੰਸਾਰ ਦੇ 17 ਮਾਣਮੱਤੇ ਮੀਡੀਆ ਹਾਊਸਾਂ ਨੇ ਛਾਪੇ ਹਨ। ਇਨ੍ਹਾਂ ਦਸਤਾਵੇਜ਼ਾਂ ਤੋਂ ਪਤਾ ਚੱਲਦਾ ਹੈ ਕਿ ਹਿਰਾਸਤੀ ਕੈਂਪਾਂ ਵਿਚ ਰੱਖੇ ਗਏ ਲੋਕਾਂ ਉੱਤੇ ਟਾਇਲੈਟ ਜਾਣ ਵੇਲੇ ਵੀ ਬੜੀ ਸਖ਼ਤ ਨਿਗਰਾਨੀ ਰੱਖੀ ਜਾਂਦੀ ਹੈ। ਉਨ੍ਹਾਂ ਨੂੰ ਇਕ-ਦੂਜੇ ਨਾਲ ਮਿਲਣ ਤੱਕ ਨਹੀਂ ਦਿੱਤਾ ਜਾਂਦਾ। ਇਨ੍ਹਾਂ ਦਸਤਾਵੇਜ਼ਾਂ ਵਿਚ ਉਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਸੂਚੀ ਸ਼ਾਮਲ ਹੈ, ਜੋ ਇਨ੍ਹਾਂ ਕੇਂਪਾਂ ਨੂੰ ਚਲਾਉਣ ਲਈ ਸ਼ਿਨਜਿਆਂਗ ਸਕਿਓਰਟੀ ਚੀਫ ਵੱਲੋਂ 2017 ਵਿਚ ਜਾਰੀ ਕੀਤੀ ਗਈ ਸੀ। ਇਸ ਤੋਂ ਪਤਾ ਚੱਲਦਾ ਹੈ ਕਿ ਇਨ੍ਹਾਂ ਕੈਂਪਾਂ ਵਿਚ ਰੱਖਣ ਲਈ ਪੁਲਿਸ ਕਿਵੇਂ ਡਾਟਾ ਕੁਲੈਕਟ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਦੀ ਵਰਤੋਂ ਕਰਦੀ ਹੈ। ਦਿਸ਼ਾ-ਨਿਰਦੇਸ਼ਾਂ ਵਿਚ ਹਿਰਾਸਤੀ ਕੈਂਪਾਂ ਵਾਲੇ ਅਧਿਕਾਰੀਆਂ ਨੂੰ ਸਖ਼ਤ ਗੁਪਤ ਤਰੀਕਾ ਵਰਤਣ ਦਾ ਵੀ ਆਦੇਸ਼ ਦਿੱਤਾ ਗਿਆ ਸੀ। ਇਸ ਹੇਠ ਸਿੱਖਿਆ ਦੇ ਖੇਤਰ ਵਿਚ ਕਰਮਚਾਰੀਆਂ ਦੇ ਮੋਬਾਈਲ ਫੋਨ ਅਤੇ ਕੈਮਰਾ ਲਿਆਉਣ ਉੱਤੇ ਪਾਬੰਦੀ ਲਾਈ ਗਈ ਸੀ।

ਸ਼ਿਨਜਿਆਂਗ ਵਿਚ ਚੱਲ ਰਹੇ ਇਨ੍ਹਾਂ ਹਿਰਾਸਤੀ ਕੈਂਪਾਂ ਵਿਚ ਲਗਪਗ 10 ਲੱਖ ਉਈਗਰ ਮੁਸਲਮਾਨਾਂ ਨੂੰ ਰੱਖਿਆ ਗਿਆ ਹੈ। ਮੈਲਬੌਰਨ ਦੀ ਲਾ ਟ੍ਰੋਬ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਚੀਨੀ ਮਾਮਲਿਆਂ ਦੇ ਮਾਹਿਰ ਜੇਮਸ ਲੀਬੋਲਡ ਨੇ ਕਿਹਾ ਕਿ ਇਨ੍ਹਾਂ ਦਸਤਾਵੇਜ਼ਾਂ ਤੋਂ ਚੀਨ ਦੀ ਕਮਿਊਨਿਸਟ ਪਾਰਟੀ ਦੀ ਉਸ ਦਲੀਲ ਨੂੰ ਝਟਕਾ ਲੱਗਾ ਹੈ, ਜਿਸ ਵਿਚ ਉਹ ਇਨ੍ਹਾਂ ਕੈਂਪਾਂ ਨੂੰ ਵਪਾਰਕ ਸਿਖਲਾਈ ਕੇਂਦਰ ਦੱਸਦੀ ਤੇ ਕਹਿੰਦੀ ਹੈ ਕਿ ਇਨ੍ਹਾਂ ਕੈਂਪਾਂ ਵਿਚ ਉਈਗਰ ਅਤੇ ਹੋਰ ਮੁਸਲਮਾਨ ਸਵੈ-ਇੱਛਾ ਨਾਲ ਸਿਖਲਾਈ ਲੈਂਦੇ ਹਨ।

ਇਹ ਦਸਤਾਵੇਜ਼ ਅਮਰੀਕੀ ਅਖ਼ਬਾਰ 'ਨਿਊਯਾਰਕ ਟਾਈਮਜ਼' ਦੀ ਉਸ ਰਿਪੋਰਟ ਪਿੱਛੋਂ ਲੋਕਾਂ ਦੇ ਸਾਹਮਣੇ ਆਏ ਹਨ, ਜਿਸ ਵਿਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਵੱਖਵਾਦੀਆਂ ਤੇ ਅੱਤਵਾਦੀਆਂ ਖ਼ਿਲਾਫ਼ ਕਿਸੇ ਵੀ ਤਰ੍ਹਾਂ ਦਾ ਤਰਸ ਨਾ ਦਿਖਾਉਣ ਦਾ ਆਦੇਸ਼ ਦਿੱਤਾ ਹੈ। ਚੀਨ ਨੇ ਸ਼ੁਰੂ ਵਿਚ ਏਦਾਂ ਦੇ ਹਿਰਾਸਤੀ ਕੈਂਪਾਂ ਦੀ ਹੋਂਦ ਨੂੰ ਨਕਾਰਿਆ, ਪ੍ਰੰਤੂ ਬਾਅਦ ਵਿਚ ਉਸ ਨੇ ਮੰਨਿਆ ਸੀ ਕਿ ਸ਼ਿਨਜਿਆਂਗ ਸੂਬੇ ਵਿਚ ਵਪਾਰਕ ਸਿਖਲਾਈ ਕੇਂਦਰ ਖੋਲ੍ਹੇ ਗਏ ਹਨ। ਇਨ੍ਹਾਂ ਦਾ ਉਦੇਸ਼ ਮੰਦਾਰਿਨ ਭਾਸ਼ਾ ਤੇ ਵਪਾਰਕ ਸਿਖਲਾਈ ਦੇ ਰਾਹੀਂ ਕੱਟੜਪੁਣਾ ਰੋਕਣਾ ਹੈ। ਇਸ ਤੋਂ ਪਹਿਲੇ ਇਨ੍ਹਾਂ ਕੈਂਪਾਂ ਵਿਚ ਰਹਿ ਚੁੱਕੇ ਲੋਕਾਂ ਨੇ ਦੋਸ਼ ਲਾਇਆ ਸੀ ਕਿ ਇਨ੍ਹਾਂ ਦਾ ਮੁੱਖ ਉਦੇਸ਼ ਉਈਗਰ ਸੰਸਕ੍ਰਿਤੀ ਅਤੇ ਧਰਮ ਨੂੰ ਨਸ਼ਟ ਕਰਨਾ ਹੈ।

## ਅਮਰੀਕੀ ਰੱਖਿਆ ਮੰਤਰੀ ਮਾਰਕ ਵਲੋਂ ਸਮੁੰਦਰੀ ਫੌਜ ਦਾ ਮੁਖੀ ਬਰਖਾਸਤ



*ਅਮਰੀਕੀ ਸਮੁੰਦਰੀ ਫੌਜ ਦੇ ਮੁਖੀ ਰਿਚਰਡ ਸਪੈਂਸਰ*

ਵਾਸ਼ਿੰਗਟਨ, 25 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰੱਖਿਆ ਮੰਤਰੀ ਮਾਰਕ ਐਸਪਰ ਨੇ ਸੀਲ ਕਮਾਂਡੋ ਮਾਮਲੇ ਵਿੱਚ ਇਸ ਦੇਸ਼ ਦੀ ਸਮੁੰਦਰੀ ਫੌਜ ਦੇ ਮੁਖੀ ਰਿਚਰਡ ਸਪੈਂਸਰ ਨੂੰ ਬਰਖਾਸਤ ਕਰ ਦਿੱਤਾ ਹੈ। ਸਪੈਂਸਰ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਫੈਸਲੇ ਦੇ ਖ਼ਿਲਾਫ਼ ਜਾ ਕੇ ਕਮਾਂਡੋ ਦੀ ਬਰਖਾਸਤਗੀ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਸੀ। ਇਸ ਕੇਸ ਕਾਰਨ ਫ਼ੌਜ ਦੇ ਕਈ ਉੱਚ ਅਧਿਕਾਰੀ ਡੋਨਾਲਡ ਟਰੰਪ ਦੇ ਖ਼ਿਲਾਫ਼ ਹੋ ਗਏ ਸਨ। ਅਮਰੀਕਾ ਵਿਚ ਫ਼ੌਜ ਦੇ ਕਿਸੇ ਉੱਚ ਅਧਿਕਾਰੀ ਨੂੰ ਬਰਖਾਸਤ ਕਰਨ ਦਾ ਇਹ ਦੁਰਲੱਭ ਮਾਮਲਾ ਹੈ।


ਅਸਲ ਵਿੱਚ ਇਹ ਸਮੁੰਦਰੀ ਫੌਜ ਦੀ ਵਿਸ਼ੇਸ਼ ਯੂਨਿਟ ਸੀਲ ਦੇ ਕਮਾਂਡੋ ਐਡਵਰਡ ਗੈਲਘਰ ਨਾਲ ਜੁੜਿਆ ਕੇਸ ਹੈ। ਗੈਲਘਰ ਉੱਤੇ 2017 ਵਿਚ ਇਰਾਕ ਵਿਚ ਅੱਤਵਾਦੀ ਜਮਾਤ ਇਸਲਾਮਿਕ ਸਟੇਟ (ਆਈ ਐੱਸ) ਦੇ ਇਕ ਬੰਦੀ ਨੂੰ ਕਤਲ ਕਰਨ ਅਤੇ ਉਸ ਦੀ ਲਾਸ਼ ਨਾਲ ਫੋਟੋ ਖਿਚਵਾਉਣ ਦਾ ਦੋਸ਼ ਸੀ। ਉਸ ਨੂੰ ਕੈਦੀ ਦੇ ਕਤਲ ਦੇ ਦੋਸ਼ ਵਿਚ ਬਰੀ ਕਰ ਦਿੱਤਾ ਗਿਆ ਸੀ, ਪ੍ਰੰਤੂ ਲਾਸ਼ ਨਾਲ ਫੋਟੋ ਖਿਚਵਾਉਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਇਸ ਲਈ ਸਮੁੰਦਰੀ ਫੌਜ ਨੇ ਗੈਲਘਰ ਦਾ ਡਿਮੋਸ਼ਨ ਕਰ ਦਿੱਤਾ ਸੀ। ਰਾਸ਼ਟਰਪਤੀ ਟਰੰਪ ਨੇ 15 ਨਵੰਬਰ ਨੂੰ ਇਸ ਮਾਮਲੇ ਵਿਚ ਦਖ਼ਲ ਦਿੰਦੇ ਹੋਏ ਗੈਲਘਰ ਨੂੰ ਮਾਫ਼ ਕਰ ਕੇ ਉਨ੍ਹਾਂ ਦਾ ਰੈਂਕ ਬਹਾਲ ਕਰਨ ਦਾ ਆਦੇਸ਼ ਦਿੱਤਾ ਅਤੇ ਫ਼ੌਜ ਦੇ ਦੋ ਹੋਰ ਅਧਿਕਾਰੀਆਂ ਨੂੰ ਜੰਗੀ ਅਪਰਾਧ ਦੇ ਕੇਸਾਂ ਦੀ ਮਾਫ਼ੀ ਦਿੱਤੀ ਸੀ। ਇਸ ਕਦਮ ਦੀ ਫ਼ੌਜ ਦੇ ਇਕ ਗਰੁੱਪ ਨੇ ਨਿੰਦਾ ਕੀਤੀ ਸੀ।

ਰੱਖਿਆ ਮੰਤਰੀ ਐਸਪਰ ਨੇ ਐਤਵਾਰ ਨੂੰ ਕਿਹਾ, 'ਰੱਖਿਆ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਦੇ ਵਤੀਰੇ ਤੋਂ ਮੈਂ ਬੇਹੱਦ ਦੁਖੀ ਹੋਇਆ ਹਾਂ। ਇਸ ਕਾਰਨ ਸਮੁੰਦਰੀ ਫੌਜ ਦੇ ਮੁਖੀ ਸਪੈਂਸਰ ਤੋਂ ਮੇਰਾ ਭਰੋਸਾ ਉੱਠ ਗਿਆ ਹੈ।' ਇਸ ਤੋਂ ਪਹਿਲਾਂ ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਦੇ ਬੁਲਾਰੇ ਨੇ ਦੱਸਿਆ ਸੀ ਕਿ ਰੱਖਿਆ ਮੰਤਰੀ ਨੇ ਸਪੈਂਸਰ ਤੋਂ ਅਸਤੀਫ਼ਾ ਮੰਗਿਆ ਹੈ। ਸਪੈਂਸਰ ਨੂੰ ਸਮੁੰਦਰੀ ਫੌਜ ਦੇ ਮੁਖੀ ਦੇ ਅਹੁਦੇ ਤੋਂ ਹਟਾਉਣ ਦਾ ਟਰੰਪ ਨੇ ਸਮਰਥਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈਂ ਸਮੁੰਦਰੀ ਫੌਜ ਵੱਲੋਂ ਸੀਲ ਕਮਾਂਡੋ ਗੈਲਘਰ ਦੇ ਕੇਸ ਨੂੰ ਨਿਪਟਾਉਣ ਦੇ ਤਰੀਕੇ ਤੋਂ ਖ਼ੁਸ਼ ਨਹੀਂ। ਸਾਰੇ ਵੱਡੇ ਦੋਸ਼ਾਂ ਤੋਂ ਬਰੀ ਕੀਤੇ ਜਾਣ ਦੇ ਬਾਵਜੂਦ ਉਨ੍ਹਾਂ ਨਾਲ ਬੁਰਾ ਵਿਹਾਰ ਕੀਤਾ ਗਿਆ ਸੀ।

ਖ਼ਬਰ ਏਜੰਸੀ ਦੇ ਅਨੁਸਾਰ ਗੈਲਘਰ ਦੇ ਪੱਖ ਵਿਚ ਟਰੰਪ ਦੇ ਦਖ਼ਲ ਉੱਤੇ ਸਪੈਂਸਰ ਤੇ ਸਮੁੰਦਰੀ ਫੌਜ ਦੇ ਸਪੈਸ਼ਲ ਵੈਲਫੇਅਰ ਕਮਾਂਡਰ ਰੀਅਰ ਐਡਮਿਰਲ ਕੋਲਿਨ ਗ੍ਰੀਨ ਨੇ ਅਸਹਿਮਤੀ ਪ੍ਰਗਟ ਕਰਦੇ ਹੋਏ ਅਸਤੀਫ਼ੇ ਦੀ ਧਮਕੀ ਦਿੱਤੀ ਸੀ। ਸਪੈਂਸਰ ਨੇ ਇਸ ਤੋਂ ਇਨਕਾਰ ਕੀਤਾ ਹੈ, ਪ੍ਰੰਤੂ ਉਨ੍ਹਾਂ ਦੇ ਇਸ ਵਤੀਰੇ ਨੇ ਵੀ ਟਰੰਪ ਨੂੰ ਨਾਰਾਜ਼ ਕੀਤਾ ਹੈ।

# ਇਮਰਾਨ ਦੀ ਪਾਰਟੀ ਨੂੰ ਮਿਲੇ ਚੰਦੇ ਦੀ ਜਾਂਚ ਕਰਾਉਣ ਦੀ ਮੰਗ

ਇਸਲਾਮਾਬਾਦ, 25 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਪਾਰਟੀ ਦੇ ਨਾਰਾਜ਼ ਮੋਢੀ ਮੈਂਬਰ ਅਕਬਰ ਐਸ ਬਾਬਰ ਨੇ ਚੋਣ ਕਮਿਸ਼ਨ ਨੂੰ ਵਿਦੇਸ਼ੀ ਚੰਦਾ ਕੇਸ ਦੀ ਜਾਂਚ ਕਰਨ ਦੀ ਅਪੀਲ ਕੀਤੀ ਹੈ। ਇਸ ਮੰਗ ਤੋਂ ਤਿੰਨ ਦਿਨ ਪਹਿਲਾਂ ਹੀ ਚੋਣ ਕਮਿਸ਼ਨ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਦੇ ਖਿਲਾਫ ਪੰਜ ਸਾਲ ਪੁਰਾਣੇ ਵਿਦੇਸ਼ੀ ਚੰਦਾ ਮਾਮਲੇ ਦੀ ਸੁਣਵਾਈ ਰੋਜ਼ਾਨਾ ਕਰਨ ਦਾ ਫੈਸਲਾ ਕੀਤਾ ਸੀ।



ਬਾਬਰ ਨੇ ਨਵੰਬਰ 2014 ਵਿੱਚ ਪਾਰਟੀ ਨੂੰ ਮਿਲੇ ਵਿਦੇਸ਼ੀ ਚੰਦੇ ਦੇ ਖਿਲਾਫ ਇੱਕ ਕੇਸ ਦਾਇਰ ਕੀਤਾ ਸੀ। ਇਸ ਵਿੱਚ ਉਨ੍ਹਾਂ ਦੋਸ਼ ਲਾਇਆ ਸੀ ਕਿ 21 ਕਰੋੜ ਰੁਪਏ ਦੀ ਰਕਮ ਪਾਰਟੀ ਨੂੰ ਦੋ ਵਿਦੇਸ਼ੀ ਕੰਪਨੀਆਂ ਤੋਂ ਮਿਲੀ ਅਤੇ ਬਾਅਦ ਵਿੱਚ ਇਸ ਨੂੰ ਪੱਛਮੀ ਏਸ਼ੀਆ ਤੋਂ ਪਾਕਿਸਤਾਨ ਵਿਚਲੇ ਖਾਤਿਆਂ ਵਿੱਚ ਭੇਜਿਆ ਗਿਆ ਸੀ।

ਐਕਸਪ੍ਰੈਸ ਟ੍ਰਿਬਿਊਨ ਮੁਤਾਬਕ ਬੀਤੇ ਦਿਨੀਂ ਪਾਕਿਸਤਾਨ ਚੋਣ ਕਮਿਸ਼ਨ ਨੂੰ ਦਿੱਤੀ ਆਪਣੀ ਛੇ ਸਫੇ ਦੀ ਅਰਜ਼ੀ ਵਿੱਚ ਬਾਬਰ ਨੇ ਪੀ ਟੀ ਆਈ ਉਤੇ ਸਕਰੂਟਨੀ ਕਮੇਟੀ ਦੇ ਕੰਮ ਵਿੱਚ ਰੁਕਾਵਟ ਪਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਪਾਰਟੀ ਦੇ ਬੈਂਕ ਖਾਤਿਆਂ ਦਾ ਰਿਕਾਰਡ ਆਪਣੇ ਕਬਜ਼ੇ ਵਿੱਚ ਲੈ ਲਵੇ। ਉਨ੍ਹਾਂ ਦੋਸ਼ ਲਾਇਆ ਕਿ ਪਾਰਟੀ ਸਕਰੂਟਨੀ ਕਮੇਟੀ ਨੂੰ ਰਿਕਾਰਡ ਉਪਲਬਧ ਨਹੀਂ ਕਰਾ ਰਹੀ। ਉਨ੍ਹਾਂ ਕਿਹਾ, ਇਸ ਮਾਮਲੇ ਵਿੱਚ ਚੋਣ ਕਮਿਸ਼ਨ ਸੱਤ ਵਾਰ ਸੁਣਵਾਈ ਕਰ ਚੁੱਕਾ ਹੈ ਤੇ ਇਸ ਸੰਬਧ ਵਿੱਚ 16 ਦਿਸ਼ਾ-ਨਿਰਦੇਸ਼ ਜਾਰੀ ਕਰ ਚੁੱਕਾ ਹੈ, ਪਰ ਖਾਨ ਦੀ ਪਾਰਟੀ ਲਗਾਤਾਰ ਉਨ੍ਹਾਂ ਨੂੰ ਨਜ਼ਰ ਅੰਦਾਜ਼ ਕਰ ਰਹੀ ਹੈ।

## ਆਈ ਐਸ ਦੀ ਮਹਿਲਾ ਮੈਂਬਰ ਤਿੰਨ ਬੱਚਿਆਂ ਸਮੇਤ ਜਰਮਨੀ ਪਰਤੀ

ਫਰੈਂਕਫਰਟ, 25 ਨਵੰਬਰ (ਪੋਸਟ ਬਿਊਰੋ)- ਅੱਤਵਾਦੀ ਜਥੇਬੰਦੀ ਇਸਲਾਮਿਕ ਸਟੇਟ (ਆਈ ਐਸ) ਦੀ ਇੱਕ ਮਹਿਲਾ ਮੈਂਬਰ ਤਿੰਨ ਬੱਚਿਆਂ ਨਾਲ ਆਪਣੇ ਦੇਸ਼ ਜਰਮਨੀ ਪਰਤ ਆਈ ਹੈ।

ਜਰਮਨੀ ਦੀ ਪੁਲਸ ਅਨੁਸਾਰ 30 ਸਾਲ ਦੀ ਲੌਰਾ ਐਚ ਆਈ ਐਸ ਵਾਲਿਆਂ ਦੀ ਪਹਿਲੀ ਅਡਲਟ ਮੈਂਬਰ ਹੈ, ਜਿਹੜੀ ਅਧਿਕਾਰਤ ਤਰੀਕੇ ਨਾਲ ਸੀਰੀਆ ਤੋਂ ਜਰਮਨੀ ਮੁੜੀ ਹੈ। ਉਸ ਦਾ ਦਾਅਵਾ ਹੈ ਕਿ ਆਈ ਐਸ ਦੀ ਵਿਚਾਰਧਾਰਾ ਨਾਲ ਅੱਜ ਕੱਲ੍ਹ ਉਸ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਜਰਮਨੀ ਦੇ ਹੇਸੇ ਸੂਬੇ ਦੀ ਵਸਨੀਕ ਲੌਰਾ ਇਰਾਕ ਦੇ ਇਰਬਿਲ ਸ਼ਹਿਰ ਤੋਂ ਜਹਾਜ਼ ਰਾਹੀ ਫਰੈਂਕਫਰਟ ਏਅਰਪੋਰਟ ਪਹੁੰਚੀ। ਸਥਾਨਕ ਮੀਡੀਆ ਮੁਤਾਬਕ ਲੌਰਾ ਨੂੰ ਮੁੜਨ ਦੇ ਤੁਰੰਤ ਪਿੱਛੋਂ ਗ੍ਰਿਫਤਾਰ ਨਹੀਂ ਕੀਤਾ ਗਿਆ, ਪਰ ਉਸ ਦੀ ਅੱਤਵਾਦੀ ਜਥੇਬੰਦੀ ਦੀ ਸ਼ੱਕੀ ਮੈਂਬਰੀ ਜਾਂਚ ਦਾ ਵਿਸ਼ਾ ਹੈ। ਉਹ ਬੱਚਿਆਂ ਦੀ ਸਹੀ ਦੇਖਭਾਲ ਵਿੱਚ ਅਸਫਲ ਰਹੀ। ਉਸ ਦਾ ਪਾਸਪੋਰਟ ਜ਼ਬਤ ਕਰ ਲਿਆ ਗਿਆ ਹੈ ਤੇ ਦੇਸ਼ ਛੱਡਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਉਸ ਦੇ ਬੱਚਿਆਂ ਨੂੰ ਨੇੜਲੇ ਰਿਸ਼ਤੇਦਾਰ ਨੂੰ ਸੌਂਪ ਦਿੱਤਾ ਗਿਆ ਹੈ। ਲੌਰਾ ਆਪਣੇ ਬੱਚਿਆਂ ਤੇ ਸੋਮਾਲੀਅਨ ਮੂਲ ਦੇ ਅਮਰੀਕੀ ਨਾਗਰਿਕ ਪਤੀ ਨਾਲ 2016 ਵਿੱਚ ਸੀਰੀਆ ਚਲੀ ਗਈ ਸੀ, ਜਿੱਥੇ ਉਹ ਆਈ ਐਸ ਨਾਲ ਜੁੜ ਗਈ ਸੀ। ਪਤੀ ਦੀ ਮੌਤ ਤੇ ਕੁਰਦਿਸ਼ ਫੌਜ ਵੱਲੋਂ ਫੜੇ ਜਾਣ ਪਿੱਛੋਂ ਉਸ ਨੂੰ ਅਲ-ਹੋਪ ਜੇਲ੍ਹ ਕੈਂਪ ਵਿੱਚ ਰੱਖਿਆ ਗਿਆ ਸੀ।



ਪਿਛਲੇ ਕੁਝ ਸਮੇਂ ਤੋਂ ਕਈ ਦੇਸ਼ਾਂ ਦੇ ਲੋਕਾਂ, ਜਿਹੜੇ ਇਸਲਾਮਿਕ ਸਟੇਟ (ਆਈ ਐਸ) ਵਿੱਚ ਸ਼ਾਮਲ ਹੋਏ ਸਨ, ਦਾ ਇਸ ਦੀ ਵਿਚਾਰਧਾਰਾ ਤੋਂ ਮੋਹ ਭੰਗ ਹੋ ਗਿਆ ਅਤੇ ਆਪੋ-ਆਪਣੇ ਦੇਸ਼ ਮੁੜਨਾ ਚਾਹੁੰਦੇ ਹਨ। ਇਸ ਨੂੰ ਦੇਖ ਕੇ ਉਨ੍ਹਾਂ ਦੇ ਸਬੰਧਤ ਦੇਸ਼ਾਂ ਦੀਆਂ ਸਰਕਾਰਾਂ ਨੂੰ ਉਨ੍ਹਾਂ ਨੂੰ ਆਪਣੇ ਦੇਸ਼ ਵਿੱਚ ਵਾਪਸ ਲੈਣ ਲਈ ਤਿਆਰ ਹੋ ਰਹੀਆਂ ਹਨ।

## ਏਮਜ਼ ਵਿੱਚ ਕਿਡਨੀ ਟਰਾਂਸਪਲਾਂਟ ਇੱਕ ਮਹੀਨੇ ਤੋਂ ਬੰਦ ਹੋਣ ਕਰ ਕੇ ਮਰੀਜ਼ ਪ੍ਰੇਸ਼ਾਨ

ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਦਿੱਲੀ ਦੇ ਆਲ ਇੰਡੀਆ ਮੈਡੀਕਲਕ ਇੰਸਟਿਚਿਊਟ (ਏਮਜ਼) ਵਿੱਚ 575 ਮਰੀਜ਼ ਕਿਡਨੀ ਟਰਾਂਸਪਲਾਂਟ ਦੀ ਉਡੀਕ ਵਿੱਚ ਹਨ, ਪਰ ਨੈਪ੍ਰੋਲੋਜੀ ਵਿਭਾਗ ਵਿੱਚ ਬੈੱਡ ਦੀ ਕਮੀ ਕਾਰਨ ਕਰੀਬ ਇੱਕ ਮਹੀਨੇ ਤੋਂ ਇਹ ਸੁਵਿਧਾ ਬੰਦ ਹੈ। ਨਵੰਬਰ ਵਿੱਚ ਇੱਕ ਵੀ ਮਰੀਜ਼ ਦਾ ਟਰਾਂਸਪਲਾਂਟ ਨਹੀਂ ਹੋਇਆ ਅਤੇ ਮਰੀਜ਼ਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਏਮਜ਼ ਪ੍ਰਸ਼ਾਸਨ ਇਸ ਬਾਰੇ ਕੁਝ ਵੀ ਕਹਿਣ ਨੂੰ ਤਿਆਰ ਨਹੀਂ ਹੈ।

ਨੈਫਰੋਲੋਜੀ ਵਿਭਾਗ ਦੇ ਇੱਕ ਡਾਕਟਰ ਨੇ ਦੱਸਿਆ ਕਿ ਆਮ ਤੌਰ ਉੱਤੇ ਹਰ ਹਫਤੇ ਦੋ ਤੋਂ ਤਿੰਨ ਮਰੀਜ਼ਾਂ ਦੀ ਕਿਡਨੀ ਟਰਾਂਸਪਲਾਂਟ ਕੀਤੀ ਜਾਂਦੀ ਹੈ ਅਤੇ ਹਰ ਮਹੀਨੇ 10 ਤੋਂ 12 ਮਰੀਜ਼ਾਂ ਦੀ ਸਰਜਰੀ ਹੁੰਦੀ ਹੈ। ਜਨਰਲ ਸਰਜਰੀ ਵਿਭਾਗ ਦੇ ਡਾਕਟਰ ਕਿਡਨੀ ਟਰਾਂਸਪਲਾਂਟ ਕਰਦੇ ਹਨ, ਪਰ ਇਸ ਤੋਂ ਪਹਿਲਾਂ ਅਤੇ ਬਾਅਦ ਵਿੱਚ ਮਰੀਜ਼ ਦੀ ਦੇਖਭਾਲ ਨੈਫਰੋਲੋਜੀ ਦੇ ਡਾਕਟਰ ਕਰਦੇ ਹਨ। ਵਿਭਾਗ ਵਿੱਚ ਲਾਈਵ ਡੋਨਰ ਕਿਡਨੀ ਟਰਾਂਸਪਲਾਂਟ ਦੇ ਲਈ 125 ਮਰੀਜ਼ ਅਤੇ ਕੈਡੇਵਰ ਟਰਾਂਸਪਲਾਂਟ ਦੇ ਲਈ 450 ਮਰੀਜ਼ ਉਡੀਕ ਕਰ ਰਹੇ ਹਨ। ਇਨ੍ਹਾਂ ਨੂੰ ਰੈਗੂਲਰ ਡਾਇਲਸਿਸ ਕਰਨਾ ਪੈਂਦਾ ਹੈ। ਇਸ ਕਾਰਨ ਕਈ ਮਰੀਜ਼ਾਂ ਦੀ ਹਾਲਤ ਗੰਭੀਰ ਹੈ। ਕਰੀਬ 10 ਮਰੀਜ਼ਾਂ ਦੀ ਜ਼ਿੰਦਗੀ ਖਤਰੇ ਵਿੱਚ ਦੱਸੀ ਜਾ ਰਹੀ ਹੈ। ਏਮਜ਼ ਵਿੱਚ ਸਾਲ 1972 ਤੋਂ ਅੱਜ ਤੱਕ 2900 ਮਰੀਜ਼ਾਂ ਦੀ ਕਿਡਨੀ ਟਰਾਂਸਪਲਾਂਟ ਹੋ ਚੁੱਕੀ ਹੈ। ਨੈਫਰੋਲੋਜੀ ਵਿਭਾਗ ਦੇ ਲਗਭਗ ਦੋ ਹਜ਼ਾਰ ਮਰੀਜ਼ ਫਾਲੋਅਪ ਵਿੱਚ ਹਨ।






## ਐਟਮ ਬੰਬ ਦੀ ਧਮਕੀ ਦੇਣ ਵਾਲੇ ਇਮਰਾਨ ਨੂੰ ਪ੍ਰਦੂਸ਼ਣ ਦਾ ਚੇਤਾ ਵੀ ਆ ਗਿਆ

ਲਾਹੌਰ, 25 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਆਮ ਕਰ ਕੇ ਐਟਮ ਬੰਬ ਦੇ ਹਮਲੇ ਦੀ ਧਮਕੀ ਦਿੰਦੇ ਰਹਿੰਦੇ ਹਨ, ਪਰ ਅੱਜ ਕੱਲ੍ਹ ਉਨ੍ਹਾਂ ਨੂੰ ਦੁਨੀਆਂ ਦੇ ਪ੍ਰਦੂਸ਼ਣ ਦੀ ਯਾਦ ਆ ਰਹੀ ਹੈ। ਦਿੱਲੀ ਨਾਲ ਲਾਹੌਰ ਦੀ ਤੁਲਨਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਰਾਜਧਾਨੀ ਦਿੱਲੀ ਵਿਚ ਬਹੁਤ ਜ਼ਿਆਦਾ ਪ੍ਰਦੂਸ਼ਣ ਹੈ। ਉਥੇ ਹਾਲਾਤ ਬਹੁਤ ਮਾੜੇ ਹਨ, ਪਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਲਾਹੌਰ ਵੀ ਦੁਨੀਆ ਦਾ ਤੀਜਾ ਪ੍ਰਦੂਸ਼ਤ ਸ਼ਹਿਰ ਬਣ ਗਿਆ ਹੈ। ਇਹ ਵਧਦਾ ਪ੍ਰਦੂਸ਼ਣ ਬਜ਼ੁਰਗਾਂ ਤੇ ਬੱਚਿਆਂ ਲਈ ਜਾਨਲੇਵਾ ਹੈ। ਗੋਲੀ ਵੱਜਣ ਨਾਲ ਕੋਈ ਇਕ ਵਾਰ ਵਿਚ ਮਰ ਜਾਂਦਾ ਹੈ ਪਰ ਪ੍ਰਦੂਸ਼ਣ ਸਾਈਲੈਂਟ ਕਿਲਰ ਹੈ। ਉਸ ਨਾਲ ਹੌਲੀ-ਹੌਲੀ ਆਦਮੀ ਦੀ ਜ਼ਿੰਦਗੀ ਮੁੱਕਦੀ ਹੈ।



ਇਮਰਾਨ ਖ਼ਾਨ ਇਸਲਾਮਾਬਾਦ ਵਿਚ ਹੋਏ ਕਲੀਨ ਐਂਡ ਗਰੀਨ ਪਾਕਿਸਤਾਨ ਪ੍ਰੋਗਰਾਮ ਦੇ ਮੁੱਖ ਮਹਿਮਾਨ ਵਜੋਂ ਬੋਲ ਰਹੇ ਸਨ। ਉਨ੍ਹਾਂ ਆਪਣੇ ਸਮੇਂ ਦੀ ਗੱਲ ਚੇਤੇ ਕਰਦੇ ਹੋਏ ਕਿਹਾ ਕਿ ਇਕ ਸਮਾਂ ਸੀ ਜਦੋਂ ਉਹ ਖ਼ੁਦ ਲਾਹੌਰ ਦਾ ਪਾਣੀ ਨਲਕੇ ਤੋਂ ਪੀਂਦੇ ਸਨ। ਉਸ ਸਮੇਂ ਦੀ ਹਵਾ ਬਹੁਤ ਸਾਫ਼ ਸੀ। 35 ਸਾਲ ਪਹਿਲਾਂ ਲਾਹੌਰ ਸਾਫ਼ ਸ਼ਹਿਰ ਸੀ, ਪਰ ਅੱਜ ਸਾਹ ਲੈਣਾ ਮੁਸ਼ਕਲ ਹੋ ਰਿਹਾ ਹੈ। ਲਾਹੌਰ ਦੇ ਜੋ ਅੱਜ ਹਾਲਾਤ ਹਨ, ਉਥੇ ਜ਼ਿੰਦਗੀ ਨੂੰ ਹਰ ਪਲ ਖ਼ਤਰਾ ਹੈ। ਪ੍ਰਦੂਸ਼ਣ ਦਾ ਪੱਧਰ ਬਹੁਤ ਵਧ ਗਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਲਾਹੌਰ ਦਾ ਵਿਕਾਸ ਹੋ ਰਿਹਾ ਸੀ, ਓਦੋਂ ਕੋਈ ਪਲਾਨਿੰਗ ਨਹੀਂ ਕੀਤੀ ਗਈ। ਗ੍ਰੀਨਰੀ ਵੱਲ ਧਿਆਨ ਨਹੀਂ ਦਿੱਤਾ ਗਿਆ। ਖਾਲੀ ਕੰਕਰੀਟ ਦੇ ਜੰਗਲ ਬਣਾਏ ਗਏ, ਜਿਸ ਦਾ ਨਤੀਜਾ ਸਭ ਦੇ ਸਾਹਮਣੇ ਹੈ। ਦਸ ਸਾਲਾਂ ਵਿਚ ਹਜ਼ਾਰਾਂ ਰੁੱਖ ਕੱਟੇ ਗਏ, ਪਰ ਲਾਇਆ ਇਕ ਨਹੀਂ।

ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਇਮਰਾਨ ਖਾਨ ਨੇ ਕਿਹਾ ਕਿ ਜੋ ਲੋਕ ਦੁਨੀਆ ਘੁੰਮ ਕੇ ਆਏ ਹਨ, ਉਨ੍ਹਾਂ ਨੂੰ ਪਤਾ ਹੈ ਕਿ ਦੋਵੇਂ ਥਾਵਾਂ ਦੇ ਹਾਲਾਤ ਦਾ ਅੰਤਰ ਕੀ ਹੈ। ਉਨ੍ਹਾਂ ਕਿਹਾ ਕਿ ਬਹੁਤਿਆਂ ਨੂੰ ਇਹ ਨਹੀਂ ਪਤਾ ਕਿ ਪਾਕਿਸਤਾਨ ਵਿਚ ਕਿੰਨੀ ਮੌਸਮ ਦੀ ਵਰਾਇਟੀ ਹੈ। ਇਥੇ ਹਰ ਤਰ੍ਹਾਂ ਦਾ ਮੌਸਮ ਹੈ, ਜ਼ਮੀਨ ਹੈ, ਸੋਨੇ, ਚਾਂਦੀ ਤਾਂਬੇ ਦੇ ਜ਼ਖ਼ੀਰੇ ਵੀ ਹਨ।

## ਟਰੰਪ ਨੇ ਨਿੱਜੀ ਸ਼ੌਕ ਖਾਤਰ 84 ਗੋਲਫ ਕੋਰਟ ਕਿਰਾਏ ਉੱਤੇ ਲਏ

### *ਟੈਕਸ ਪੇਅਰ ਦੇ 5.5 ਲੱਖ ਡਾਲਰ ਖਰਚੇ

ਵਾਸ਼ਿੰਗਟਨ, 25 ਨਵੰਬਰ (ਪੋਸਟ ਬਿਊਰੋ)- ਕਿਹਾ ਜਾਂਦਾ ਹੈ ਕਿ ਸ਼ੌਕ ਬੜੀ ਵੱਡੀ ਚੀਜ਼ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਦੀ ਵੱਡੀ ਮਿਸਾਲ ਵਜੋਂ ਸਾਹਮਣੇ ਆਏ ਹਨ।

ਰਾਸ਼ਟਰਪਤੀ ਟਰੰਪ ਉੱਤੇ ਦੋ ਹਫਤੇ ਤੋਂ ਮਹਾਦੋਸ਼ ਦੇ ਮਾਮਲੇ ਵਿਚ ਸੁਣਵਾਈ ਚੱਲ ਰਹੀ ਹੈ, ਪਰ ਉਹ ਠੰਢ ਵਿਚ ਗੋਲਫ ਖੇਡਣ ਦੀ ਯੋਜਨਾ ਬਣਾ ਰਹੇ ਹਨ। ਫੈਡਰਲ ਪ੍ਰੋਕਿਓਰਮੈਂਟ ਦੀ ਜਾਣਕਾਰੀ ਮੁਤਾਬਕ ਸੀਕਰੇਟ ਸਰਵਿਸ ਨੇ ਆਉਣ ਵਾਲੇ 7 ਮਹੀਨਿਆਂ ਲਈ ਟਰੰਪ ਦੇ ਵਾਸਤੇ 84 ਗੋਲਫ ਕਾਰਟ ਕਿਰਾਏ ਉੱਤੇ ਲਏ ਹਨ। ਇਸ ਦਾ ਭੁਗਤਾਨ ਅਮਰੀਕੀ ਟੈਕਸ ਪੇਅਰਜ਼ ਦੇ 5.5 ਲੱਖ ਡਾਲਰ ਨਾਲ ਕੀਤਾ ਗਿਆ ਹੈ। ਇਸ ਕਾਰਨ ਟਰੰਪ ਦੀ ਕਾਫੀ ਆਲੋਚਨਾ ਹੋ ਰਹੀ ਹੈ। ਟਰੰਪ ਦੀ ਸੀਕਰੇਟ ਸਰਵਿਸ ਨੇ ਖਰਚ ਉੱਤੇ ਕਿਸੇ ਵੀ ਟਿੱਪਣੀ ਕਰਨ ਤੋਂ ਮਨ੍ਹਾ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਆਪਣੇ ਦੋਸਤਾਂ ਨੂੰ ਵੀ ਗੋਲਫ ਕੋਰਸ ਲੈ ਜਾਂਦੇ ਹਨ। ਇਕ ਬੇਸਬਾਲ ਲੀਗ ਦੇ ਦੌਰਾਨ ਕਮਿਸ਼ਨਰ ਰੌਬ ਮੈਨਫ੍ਰੇਡ ਅਤੇ ਦੋ ਰੀਪਬਲਿਕਨ ਸੈਨੇਟਰਾਂ ਨੂੰ ਮੈਰੀਲੈਂਡ ਵਿੱਚ ਪੋਟੋਮੈਕ ਦੇ ਨੈਸ਼ਨਲ ਗੋਲਫ ਕੋਰਸ ਵਿਚ ਟਰੰਪ ਲੈ ਗਏ ਸਨ। ਟਰੰਪ ਕਾਰੋਬਾਰੀ ਵੀ ਹਨ। ਅਮਰੀਕਾ ਸਣੇ ਦੁਨੀਆ ਦੇ ਕਈ ਦੇਸ਼ਾਂ ਵਿਚ ਉਨ੍ਹਾਂ ਦੀ ਕੰਪਨੀ ਦੇ ਬਣਾਏ ਟਰੰਪ ਟਾਵਰ ਹਨ। ਅਮਰੀਕਾ ਵਿਚ ਉਨ੍ਹਾਂ ਦੇ ਕਈ ਹੋਟਲ ਅਤੇ ਰਿਜ਼ਾਰਟ ਹਨ। ਅੱਜ ਤੱਕ ਆਪਣੇ ਤਿੰਨ ਸਾਲ ਦੇ ਕਾਰਜਕਾਲ ਵਿਚ ਟਰੰਪ ਆਪਣੇ 17 ਗੋਲਫ ਕੋਰਸਾਂ ਵਿਚ 224 ਵਾਰ ਜਾ ਚੁੱਕੇ ਹਨ ਤੇ ਇਸ ਦੌਰਾਨ ਉਨ੍ਹਾਂ ਦੀ ਸੀਕਰੇਟ ਸਰਵਿਸ ਨਾਲ ਹੁੰਦੀ ਹੈ।

# ਗੁਜਰਾਤ ਵਿੱਚ ਮੁਸਲਿਮ ਨੂੰ ਫਲੈਟ ਦੇਣ ਤੋਂ ਹਾਊਸਿੰਗ ਸੋਸਾਈਟੀ ਨੂੰ ਇਤਰਾਜ਼

*** ਹਿੰਦੂ ਮਾਲਕ ਨੇ ਕਹਿ ਦਿੱਤਾ ਕਿ ਨਹੀਂ ਵੇਚੇ ਜਾਣਗੇ**



ਵਡੋਦਰਾ, 25 ਨਵੰਬਰ (ਪੋਸਟ ਬਿਊਰੋ)- ਵਡੋਦਰਾ ਦੇ ਪੌਸ਼ ਇਲਾਕੇ ਵਿਚ ਸਥਿਤ ਇਕ ਹਾਊਸਿੰਗ ਕੰਪਲੈਕਸ ਦੇ ਲੋਕਾਂ ਨੇ ਮੁਸਲਿਮ ਨੂੰ ਫਲੈਟ ਵੇਚਣ ਉੱਤੇ ਇਤਰਾਜ਼ ਕੀਤਾ ਹੈ। ਲੋਕਾਂ ਦਾ ਦਾਅਵਾ ਹੈ ਕਿ ਜੇ ਮੁਸਲਿਮ ਨੂੰ ਫਲੈਟ ਵੇਚਿਆ ਤਾਂ ਇਸ ਇਲਾਕੇ ਵਿਚ ਰੀਅਲ ਅਸਟੇਟ ਦੀ ਕੀਮਤ ਡਿੱਗ ਜਾਏਗੀ। ਸੁਸਾਇਟੀ ਦੇ ਲੋਕਾਂ ਦੇ ਰੋਕਣ ਉੱਤੇ ਫਲੈਟ ਦੇ ਮਾਲਕ ਹਿੰਦੂ ਨੇ ਆਪਣਾ ਫਲੈਟ ਵੇਚਣ ਦਾ ਫੈਸਲਾ ਟਾਲ ਦਿੱਤਾ ਹੈ।

ਇਸ ਜ਼ਿਲ੍ਹੇ ਦੇ ਵਾਸਨਾ ਰੋਡ ਇਲਾਕੇ ਵਿਚ ਸਮੱਰਪਣ ਸੁਸਾਇਟੀ ਦੇ ਵਾਸੀ ਮਹੇਸ਼ ਪਲਾਨੀ ਨੇ ਕਿਹਾ ਕਿ ਐਤਵਾਰ ਦੀ ਮੀਟਿੰਗ ਵਿਚ ਮੈਂਬਰਾਂ ਨੇ ਕਿਹਾ ਕਿ ਮੁਸਲਿਮ ਨੂੰ ਫਲੈਟ ਵੇਚਣ ਨਾਲ ਇਲਾਕੇ ਵਿਚ ਰੀਅਲ ਅਸਟੇਟ ਦੀ ਕੀਮਤ ਉੱਤੇ ਬੁਰਾ ਅਸਰ ਪਏਗਾ। ਲੋਕਾਂ ਦੇ ਇਤਰਾਜ਼ ਨੂੰ ਦੇਖਦੇ ਹੋਏ ਉਨ੍ਹਾਂ ਨੇ ਪੁਲਿਸ ਜਾਂਚ ਲਈ ਸੌਂਪੀ ਗਈ ਅਰਜ਼ੀ ਵਾਪਸ ਲੈਣ ਦਾ ਮਨ ਬਣਾਇਆ ਹੈ। ਪਲਾਨੀ ਨੇ ਕਿਹਾ ਕਿ ਵਿਕਰੀ ਲਈ ਅੱਗੇ ਵਧਣ ਵਾਸਤੇ ਮੈਂ ਥਾਣੇ ਨੂੰ ਅਰਜ਼ੀ ਦਿੱਤੀ ਸੀ, ਪ੍ਰੰਤੂ ਵਾਪਸ ਲੈ ਲਵਾਂਗਾ। ਸਬੱਬ ਨਾਲ ਜਿਸ ਇਲਾਕੇ ਵਿਚ ਇਹ ਹਾਊਸਿੰਗ ਕੰਪਲੈਕਸ ਹੈ, ਉਹ ਇਕ ਕਾਨੂੰਨ ਦੇ ਘੇਰੇ ਵਿਚ ਆਉਂਦਾ ਹੈ, ਜਿਸ ਦੇ ਤਹਿਤ ਫਲੈਟ ਵੇਚਣ ਲਈ ਹਾਊਸਿੰਗ ਸੁਸਾਇਟੀ ਦੇ ਪ੍ਰਧਾਨ ਤੋਂ ਨੋ ਆਬਜੈਕਸ਼ਨ ਸਰਟੀਫਿਕੇਟ (ਐੱਨ ਓ ਸੀ) ਅਤੇ ਜ਼ਿਲਾ ਕੁਲੈਕਟਰ ਤੋਂ ਇਜਾਜ਼ਤ ਲੈਣੀ ਜ਼ਰੂਰੀ ਕੀਤੀ ਗਈ ਹੈ। ਇਹ ਕਾਨੂੰਨ ਗੁਜਰਾਤ ਅਚੱਲ ਸੰਪਤੀ ਤਬਾਦਲਾ ਰੋਕੂ ਤੇ ਵਿਵਾਦਤ ਖੇਤਰ ਵਿਚ ਰਹਿਣ ਵਾਲੇ ਨੂੰ ਮਕਾਨ ਬੇਦਖਲੀ ਤੋਂ ਸੁਰੱਖਿਆ (ਸੋਧ) ਐਕਟ ਹੇਠ ਲਾਗੂ ਹੈ।

ਐਤਵਾਰ ਦੀ ਮੀਟਿੰਗ ਵਿਚ ਸਮਰਪਣ ਸੁਸਾਈਟੀ ਦੇ ਮੈਂਬਰਾਂ ਨੇ ਵਿਵਾਦਿਤ ਖੇਤਰ ਐਕਟ ਦਾ ਜ਼ਿਕਰ ਕੀਤਾ ਅਤੇ ਸਭ ਨੇ ਕਿਹਾ ਕਿ ਜਿਸ ਸੰਪਤੀ ਨੂੰ ਵੇਚਣ ਦੀ ਗੱਲ ਚੱਲ ਰਹੀ ਹੈ, ਉਸ ਦੇ ਕਰੀਬੀ ਗੁਆਂਢੀਆਂ ਦੀ ਸਹਿਮਤੀ ਬਿਨਾਂ ਇਜਾਜ਼ਤ ਨਹੀਂ ਦੇਣੀ ਚਾਹੀਦੀ। ਇਹੀ ਨਹੀਂ, ਹਿੰਦੂ ਬਹੁ-ਗਿਣਤੀ ਵਾਲੇ ਖੇਤਰ ਵਿਚ ਮੁਸਲਿਮ ਨੂੰ ਜਾਇਦਾਦ ਵੇਚਣਾ ਗ਼ਲਤ ਕਿਹਾ ਜਾਂਦਾ ਹੈ।

# ਪਾਕਿ ’ਚ ਹਿੰਦੂ ਵਿਦਿਆਰਥਣ ਦੀ ਮੌਤ ਦੇ ਜ਼ਰੂਰੀ ਸਬੂਤ ਲੈਬ ਨਹੀਂ ਭੇਜੇ



ਲੜਕਾਨਾ, 25 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੰਧ ਸੂਬੇ ਦੇ ਲੜਕਾਣਾ ਵਿੱਚ ਹੋਸਟਲ ਦੇ ਕਮਰੇ ਵਿੱਚ ਸ਼ੱਕੀ ਹਾਲਾਤ ਵਿੱਚ ਮਰੀ ਹੋਈ ਮਿਲੀ ਮੈਡੀਕਲ ਦੀ ਵਿਦਿਆਰਥਣ ਨਮਰਤਾ ਚੰਦਾਨੀ ਦੇ ਮਾਮਲੇ ਵਿੱਚ ਪੁਲਸ ਦੀ ਲਾਪਰਵਾਹੀ ਦਾ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ। ਇਹ ਪਤਾ ਲੱਗਾ ਹੈ ਕਿ ਡੀ ਐੱਨ ਏ ਜਾਂਚ ਦੇ ਲਈ ਬੇਹੱਦ ਜ਼ਰੂਰੀ ਚੀਜ਼ਾਂ ਫੋਰੈਂਸਿਕ ਲੈਬ ਭੇਜੀਆਂ ਹੀ ਨਹੀਂ ਗਈਆਂ।

ਇਹ ਸਨਸਨੀਖੇਜ ਖੁਲਾਸਾ ਕਰਦੇ ਹੋਏ ਪਾਕਿਸਤਾਨੀ ਮੀਡੀਆ ਨੇ ਪੁਲਸ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ ਅਤੇ ਰਿਪੋਰਟ ਵਿੱਚ ਕਿਹਾ ਹੈ ਕਿ ਆਸਿਫਾ ਬੀਬੀ ਡੈਂਟਲ ਕਾਲਜ ਲੜਕਾਣਾ ਦੀ ਵਿਦਿਆਰਥਣ ਨਮਰਤਾ ਦੇ ਗਲੇ ਵਿੱਚ ਬੰਨ੍ਹੇ ਦੁਪੱਟੇ ਦੀ ਡੀ ਐੱਨ ਏ ਰਿਪੋਰਟ ਲੜਕਾਣਾ ਪੁਲਸ ਨੂੰ ਮਿਲ ਗਈ ਹੈ। ਇਹ ਰਿਪੋਰਟ ਲਾਹੌਰ ਵਿਚਲੀ ਫੋਰੈਂਸਿਕ ਲੈਬ ਦੇ ਡਾਇਰੈਕਟਰ ਜਨਰਲ ਨੇ ਜਾਰੀ ਕੀਤੀ ਹੈ। ਪੁਲਸ ਨੇ ਇਸ ਨੂੰ ਜੁਡੀਸ਼ਲ ਜਾਂਚ ਅਫਸਰ ਨੂੰ ਦੇ ਦਿੱਤਾ। ਮੀਡੀਆ ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਫੋਰੈਂਸਿਕ ਮਾਹਰਾਂ ਨੂੰ ਦੁਪੱਟੇ ਤੋਂ ਚਮੜੀ ਦੇ ਟੁਕੜੇ ਜਾਂ ਖ਼ੂਨ ਦੇ ਧੱਬੇ ਨਹੀਂ ਮਿਲੇ ਜਿਸ ਤੋਂ ਇਨ੍ਹਾਂ ਦਾ ਡੀ ਐੱਨ ਏ ਹਾਸਲ ਨਹੀਂ ਕੀਤਾ ਜਾ ਸਕਿਆ। ਕੱਪੜੇ ਉਤੇ ਮੌਜੂਦ ਚਮੜੀ ਦੇ ਟੁਕੜਿਆਂ ਤੋਂ 72 ਘੰਟੇ ਦੇ ਅੰਦਰ ਡੀ ਐੱਨ ਏ ਹਾਸਲ ਕੀਤਾ ਜਾ ਸਕਦਾ ਹੈ, ਜੇ ਇਸ ਤੋਂ ਦੇਰ ਹੋਵੇ ਤਾਂ ਡੀ ਐੱਨ ਏ ਮਿਲਣਾ ਅਸੰਭਵ ਹੋ ਜਾਂਦਾ ਹੈ। ਨਮਰਤਾ ਦੀ ਮੌਤ ਦੇ ਸਮੇਂ ਉਸ ਦੇ ਗਲੇ ਵਿੱਚ ਬੰਨ੍ਹੇ ਦੁਪੱਟੇ ਨੂੰ ਮੌਤ ਦੇ ਇੱਕ ਹਫਤੇ ਬਾਅਦ ਭੇਜਿਆ ਗਿਆ ਜਿਸ ਕਾਰਨ ਡੀ ਐੱਨ ਏ ਨਹੀਂ ਲਿਆ ਜਾ ਸਕਿਆ। ਮੀਡੀਆ ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਕਿ ਨੈਸ਼ਨਲ ਡਾਟਾਬੇਸ ਐਂਡ ਰਜਿਸਟਰੇਸ਼ਨ ਅਥਾਰਟੀ (ਨਾਦਰਾ) ਨੇ ਨਮਰਤਾ ਦੇ ਕੇਸ ਵਿੱਚ ਭੇਜੇ ਗਏ ਉਂਗਲੀਆਂ ਦੇ ਨਿਸ਼ਾਨ ਨੂੰ ਵਾਪਸ ਲਰਕਾਨਾ ਪੁਲਸ ਨੂੰ ਇਹ ਕਹਿੰਦੇ ਹੋਏ ਭੇਜ ਦਿੱਤਾ ਕਿ ਉਸ ਦੇ ਡਾਟਾ-ਬੇਸ ਵਿੱਚ ਮੌਜੂਦ ਨਿਸ਼ਾਨਾਂ ਨਾਲ ਇਨ੍ਹਾਂ ਉਂਗਲੀਆਂ ਦੇ ਨਿਸ਼ਾਨ ਦਾ ਮਿਲਾਨ ਨਹੀਂ ਹੋ ਸਕਿਆ ਅਤੇ ਇਨ੍ਹਾਂ ਦੀ ਅਗਲੇਰੀ ਜਾਂਚ ਲਈ ਜ਼ਰੂਰਤ ਨਹੀਂ ਹੈ।

ਲੜਕਾਣਾ ਪੁਲਸ ਨੂੰ ਭੇਜੀ ਗਈਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਉਸ (ਪੁਲਸ) ਵੱਲੋਂ ਭੇਜੇ ਗਏ ਉਂਗਲੀਆਂ ਦੇ ਨਿਸ਼ਾਨਾਂ ਦੀ ਗੁਣਵੱਤਾ ਬੇਹੱਦ ਖਰਾਬ ਸੀ। ਪੁਲਸ ਨੇ ਮੌਤ ਦੇ ਇੱਕ ਮਹੀਨੇ ਬਾਅਦ ਉਂਗਲਾਂ ਦੇ ਇਨ੍ਹਾਂ ਨਿਸ਼ਾਨਾ ਨੂੰ ਭੇਜਿਆ ਸੀ। ਨਮਰਤਾ ਦੀ ਮੌਤ 16 ਦਸੰਬਰ ਨੂੰ ਉਸ ਦੇ ਹੋਸਟਲ ਦੇ ਕਮਰੇ ਵਿੱਚ ਹੋਈ ਸੀ। ਪੁਲਸ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਨੇ ਸ਼ੁਰੂ ਵਿੱਚ ਇਸ ਨੂੰ ਖੁਦਕੁਸ਼ੀ ਦਾ ਮਾਮਲਾ ਦੱਸਿਆ, ਪਰ ਨਮਰਤਾ ਦੇ ਪਰਵਾਰ ਨੇ ਹੱਤਿਆ ਦਾ ਦੋਸ਼ ਲਗਾਇਆ ਸੀ। ਇਸ ਦੇ ਬਾਅਦ ਮਾਮਲੇ ਦੀ ਜੁਡੀਸ਼ਲ ਜਾਂਚ ਹੋ ਰਹੀ ਹੈ।

ਇਸ ਬਾਰੇ ਮੀਡੀਆ ਦੇ ਸਵਾਲਾਂ ਦੇ ਜਵਾਬ ਵਿੱਚ ਲੜਕਾਣਾ ਦੇ ਐਸ ਐਸ ਪੀ ਮਸੂਦ ਬੰਗਸ਼ ਨੇ ਕਿਹਾ ਕਿ ਪੁਲਸ ਨੂੰ ਘਟਨਾ ਦੀ ਜਾਣਕਾਰੀ ਤਿੰਨ ਘੰਟੇ ਬਾਅਦ ਮਿਲੀ ਸੀ। ਜਦ ਤੱਕ ਪੁਲਸ ਪਹੁੰਚੀ, ਤਦ ਤੱਕ ਕਈ ਲੋਕ ਕਰਾਈਮ ਸੀਨ (ਨਮਰਤਾ ਦੇ ਕਮਰੇ ਵਿੱਚ) ਜਾ ਚੁੱਕੇ ਸਨ। ਉਸ ਦੀਆਂ ਕਲਾਸਮੇਟ ਨੇ ਖੁਦ ਦੱਸਿਆ ਕਿ ਉਨ੍ਹਾਂ ਨੇ ਪ੍ਰੇਸ਼ਾਨੀ ਵਿੱਚ ਨਮਰਤਾ ਦੇ ਗਲੇ 'ਚੋਂ ਦੁਪੱਟਾ ਕੱਢ ਦਿੱਤਾ ਸੀ ਤੇ ਉਸ ਦੇ ਸਰੀਰ ਨੂੰ ਠੀਕ ਤਰ੍ਹਾਂ ਲਿਟਾਇਆ ਸੀ। ਇਸੇ ਕਾਰਨ ਪੁਲਸ ਤੁਰੰਤ ਕੋਈ ਫਿੰਗਰ ਪ੍ਰਿੰਟ ਜਾਂਚ ਲਈ ਨਹੀਂ ਭੇਜ ਸਕੀ। ਕੋਰਟ ਦੇ ਹੁਕਮਾਂ ਦੇ ਬਾਅਦ ਜੋ ਸਬੂਤ ਦੇ ਹਿਸਾਬ ਨਾਲ ਜ਼ਰੂਰੀ ਉਂਗਲੀਆਂ ਦੇ ਨਿਸ਼ਾਨ ਲੱਗੇ ਸਨ, ਉਨ੍ਹਾਂ ਨੂੰ ਜਾਂਚ ਦੇ ਲਈ ਭੇਜਿਆ ਸੀ।

# ਤਾਮਿਲਨਾਡੂ ਦੇ ਕਲਈਉਰ ਪਿੰਡ ਦਾ ਹਰ ਮਰਦ ਖਾਣਾ ਬਣਾਉਣ ਵਿਚ ਹੈ ਮਾਹਰ

ਮਦੁਰਾਇ, 25 ਨਵੰਬਰ (ਪੋਸਟ ਬਿਊਰੋ)- ਮਦੁਰਾਏ ਤੋਂ 125 ਕਿਲੋਮੀਟਰ ਦੂਰ ਰਾਮੇਸ਼ਵਰਮ ਜਾਣ ਵਾਲ ਰਸਤੇ ਵਿੱਚ ਇੱਕ ਪਿੰਡ ਕਲਈਉਰ ਹੈ। ਤਾਮਿਲ ਬੋਲੀ ਵਿੱਚ ਕਲਈ ਦੇ ਮਾਇਨੇ ਹਨ ਕਲਾ ਅਤੇ ਉਰ ਯਾਨੀ ਪਿੰਡ। ਆਪਣੇ ਨਾਂਅ ਨੂੰ ਸਾਰਥਕ ਕਰਦਾ ਰਾਮਨਾਥਪੁਰਮ ਜ਼ਿਲੇ ਦਾ ਇਹ ਪਿੰਡ ਪਕਵਾਨ ਕਲਾ ਦੇ ਲਈ ਦੁਨੀਆ ਭਰ ਵਿੱਚ ਮਸ਼ਹੂਰ ਹੈ। ਖਾਸ ਗੱਲ ਇਹ ਕਿ ਪਿੰਡ ਦਾ ਹਰ ਮਰਦ ਐਕਸਪਰਟ ਕੁਕ ਹੈ। ਦੋ ਹਜ਼ਾਰ ਦੀ ਆਬਾਦੀ ਵਾਲੇ ਪਿੰਡ ਦੇ 300 ਤੋਂ ਵੱਧ ਕੁੱਕ ਦੇਸ਼ ਹੀ ਨਹੀਂ ਦੁਨੀਆ ਭਰ ਦੇ ਵੱਡੇ ਹੋਟਲਾਂ ਅਤੇ ਰੈਸਟੋਰੈਂਟਾਂ ਵਿੱਚ ਕੰਮ ਕਰਦੇ ਹਨ। ਬਾਕੀ ਪੁਰਸ਼ ਵਿਆਹਾਂ-ਪਾਰਟੀਆਂ ਵਿੱਚ ਲੋਕਾਂ ਨੂੰ ਆਪਣੇ ਭੋਜਨ ਦਾ ਮੁਰੀਦ ਬਣਾ ਰਹੇ ਹਨ। ਇਨ੍ਹਾਂ ਲੋਕਾਂ ਦੀ ਆਮਦਨ ਚਾਲੀ ਹਜ਼ਾਰ ਰੁਪਏ ਤੋਂ ਸ਼ੁਰੂ ਹੋ ਕੇ ਲੱਖਾਂ ਰੁਪਏ ਤੱਕ ਜਾਂਦੀ ਹੈ ਅਤੇ ਸਿਰਫ ਖਾਣਾ ਬਣਾਉਣ ਦੀ ਮਹਾਰਤ ਨੇ ਉਨ੍ਹਾਂ ਦੀ ਜ਼ਿੰਦਗੀ ਬਦਲ ਦਿੱਤੀ ਹੈ।

ਇਸ ਪਿੰਡ ਦੇ ਸਭ ਤੋਂ ਬਜ਼ੁਰਗ ਕੁੱਕ 73 ਸਾਲਾ ਮੁਰੂਵੇਲ ਦੱਸਦੇ ਹਨ ਕਿ ਇਸ ਕੰਮ ਨੂੰ 500 ਸਾਲ ਪਹਿਲਾਂ ਪਛਾਣ ਮਿਲਣੀ ਸ਼ੁਰੂ ਹੋਈ ਸੀ, ਜਿਸ ਨੇ ਸਾਡਾ ਜੀਵਨ ਬਦਲ ਦਿੱਤਾ। ਇਸ ਕਲਾ ਨੇ ਮੱਛੀਆਂ ਫੜਨ ਵਾਲੇ ਲੋਕਾਂ ਵਾਲੇ ਸਾਡੇ ਵਾਨਿਆਰ ਸਮਾਜ ਨੂੰ ਉਚੀ ਜਾਤੀ ਦੇ ਲੋਕਾਂ ਦੀ ਰਸੋਈ ਵਿੱਚ ਜਗ੍ਹਾ ਦਿਵਾਈ ਹੈ। ਸਭ ਤੋਂ ਪਹਿਲਾਂ ਖੁਸ਼ਹਾਲ ਵਰਗ ਰੇਡੀਆਰ ਨੇ ਸਾਨੂੰ ਕੁੱਕ ਰੱਖਣਾ ਸ਼ੁਰੂ ਕੀਤਾ ਸੀ। ਓਦੋਂ ਤੋਂ ਪੀੜ੍ਹੀ-ਦਰ-ਪੀੜ੍ਹੀ ਪਿੰਡ ਦਾ ਹਰ ਬੱਚਾ ਇਹ ਕੰਮ ਸਿੱਖ ਰਿਹਾ ਹੈ। ਬਜ਼ੁਰਗਾਂ ਦੀ ਦੇਖ-ਰੇਖ ਵਿੱਚ 12 ਸਾਲ ਦੀ ਉਮਰ ਵਿੱਚ ਟਰੇ-ਨਿੰਗ ਸ਼ੁਰੂ ਹੋ ਜਾਂਦੀ ਤੇ 10 ਸਾਲ ਤੱਕ ਚਲਦੀ ਹੈ। 24 ਘੰਟੇ ਵਿੱਚ 617 ਡਿਸ਼ ਬਣਾ ਕੇ ਗਿਨੀਜ਼ ਬੁਕ ਵਿੱਚ ਆਪਣਾ ਨਾਂਅ ਦਰਜ ਕਰਾ ਚੁੱਕੇ ਸ਼ੈਫ ਡਾਕਟਰ ਦਾਮੂ ਦੱਸਦੇ ਹਨ ਕਿ ਕਲਈਉਰ ਦੇ ਸ਼ੈਫ ਸੀ-ਫੂਡ ਅਤੇ ਆਪਣੇ ਸੀਕ੍ਰੇਟ ਮਸਾਲਿਆਂ ਦੇ ਲਈ ਮਸ਼ਹੂਰ ਹਨ। ਕਰੂਵਰ ਟੂਕ (ਸੁੱਕੀ ਮੱਛੀ) ਅਤੇ ਚਨਾਕੁੰਨੀ (ਮੱਛੀ-ਚੌਲ), ਪਿਆਜ ਅਤੇ ਹਰੀ ਮਿਰਚ ਦੀ ਚਟਨੀ ਇਨ੍ਹਾਂ ਵਰਗੀ ਦੁਨੀਆ ਵਿੱਚ ਕੋਈ ਨਹੀਂ ਬਣਾ ਸਕਦਾ। ਖਾਣਾ ਬਣਾਉਣ ਵਿੱਚ ਇਹ ਕਿਸੇ ਯੰਤਰ ਦੀ ਵਰਤੋਂ ਨਹੀਂ ਕਰਦੇ। ਹਰ ਕੰਮ ਹੱਥ ਨਾਲ ਹੁੰਦਾ ਹੈ। ਹਰ ਵੀ ਆਈ ਪੀ ਅਤੇ ਫਿਲਮ ਐਕਟਰ, ਉਹ ਰਜਨੀਕਾਂਤ ਹੋਵੇ ਜਾਂ ਕਮਲ ਹਸਨ, ਕਲਈਉਰ ਦੇ ਸ਼ੈਫ ਦੇ ਹੱਥਾਂ ਦਾ ਬਣਿਆ ਖਾਣਾ ਜ਼ਰੂਰ ਚੱਖਣਾ ਚਾਹੁੰਦਾ ਹੈ। ਇਥੋਂ ਦੇ ਸ਼ੈਫ ਆਸਟਰੇਲੀਆ, ਮਲੇਸ਼ੀਆ, ਸਿੰਗਾਪੁਰ, ਲੰਡਨ ਤੇ ਦੁਬਈ ਤੱਕ ਦੇ ਰੈਸਟੋਰੈਂਟਾਂ ਵਿੱਚ ਨੌਕਰੀ ਕਰ ਰਹੇ ਹਨ। ਕਲਈਉਰ ਦੇ ਸ਼ੈਫ ਨੂੰ ਚੰਗੀ ਤਨਖਾਹ 'ਤੇ ਨੌਕਰੀ ਮਿਲਣਾ ਤੈਅ ਹੈ। ਹਿਸਟਰੀ ਚੈਨਲ ਵੀ ਪਿੰਡ ਦਾ ਸ਼ੋਅ ਕਰ ਚੁੱਕਾ ਹੈ। ਖਾਣੇ ਦੇ ਸ਼ੌਕੀਨ, ਆਫਬੀਟ ਟ੍ਰੈਵਲਰ ਅਤੇ ਰੈਸਿਪੀ ਉੱਤੇ ਖੋਜ ਕਰਨ ਵਾਲਿਆਂ ਦਾ ਇਸ ਪਿੰਡ ਵਿੱਚ ਆਉਣਾ-ਜਾਣਾ ਲੱਗਾ ਰਹਿੰਦਾ ਹੈ।

# ਛੋਟੇ ਭਰਾ ਦੇ ਨਾਜਾਇਜ਼ ਸੰਬੰਧਾਂ ਕਾਰਨ ਵੱਡੇ ਦਾ ਕਤਲ, ਛੇ ਵਿਰੁੱਧ ਕੇਸ

ਮਾਨਾਂਵਾਲਾ, 25 ਨਵੰਬਰ (ਪੋਸਟ ਬਿਊਰੋ)- ਛੋਟੇ ਭਰਾ ਦੇ ਨਾਜਾਇਜ਼ ਸੰਬੰਧਾਂ ਦੇ ਚਲਦੇ ਵੱਡੇ ਭਰਾ ਨੂੰ ਕੁਝ ਲੋਕਾਂ ਨੇ ਬੇਰਹਿਮੀ ਨਾਲ ਕੁੱਟਿਆ ਅਤੇ ਦਾਤਰ ਨਾਲ ਹਮਲਾ ਕਰ ਦਿੱਤਾ। ਇਸ ਪਿੱਛੋਂ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮੰਗਾ ਸਿੰਘ ਦੇ ਰੂਪ ਵਿੱਚ ਹੋਈ ਹੈ ਅਤੇ ਪੁਲਸ ਛੇ ਲੋਕਾਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਮ੍ਰਿਤਕ ਮੰਗਾ ਸਿੰਘ ਦੀ ਪਤਨੀ ਨੇ ਪੁਲਸ ਨੂੰ ਦੱਸਿਆ ਕਿ 22 ਨਵੰਬਰ ਨੂੰ ਸਵੇਰੇ ਰਸਤੇ ਵਿੱਚ ਸੁਖਦੇਵ ਸਿੰਘ, ਮੁਖਤਿਆਰ ਸਿੰਘ, ਸੁਖਵਿੰਦਰ ਸਿੰਘ ਉਰਫ ਸੋਨੂ, ਪੋਲਿਸ਼ ਤੇ ਵਿਜੇ ਸਾਰੇ ਵਾਸੀ ਮੱਖਣਵਿੰਡੀ ਉਸ ਦੀ ਸੱਸ ਦੇ ਵਾਲਾਂ ਨੂੰ ਫੜ ਕੇ ਕੁੱਟਮਾਰ ਕਰਨ ਲੱਗੇ। ਇਹ ਗੱਲ ਚਾਚਾ ਸਹੁਰਾ ਦੇ ਬੇਟੇ ਨੇ ਘਰ ਆ ਕੇ ਦੱਸੀ ਤਾਂ ਮੰਗਾ ਸਿੰਘ ਮਾਂ ਨੂੰ ਬਚਾਉਣ ਲਈ ਗਿਆ। ਮ੍ਰਿਤਕ ਦੀ ਪਤਨੀ ਨੇ ਦੱਸਿਆ ਕਿ ਉਸ ਦਾ ਪਤੀ ਜਦੋਂ ਮਾਂ ਨੂੰ ਛੁਡਾਉਣ ਲੱਗਾ ਤਾਂ ਸੁਖਵਿੰਦਰ ਸਿੰਘ ਉਰਫ ਸੋਨੂੰ ਨੇ ਦਾਤਰ ਨਾਲ ਉਸ 'ਤੇ ਵਾਰ ਕਰ ਦਿੱਤਾ। ਮ੍ਰਿਤਕ ਦੇ ਛੋਟੇ ਭਰਾ ਕਸ਼ਮੀਰ ਸਿੰਘ ਦੇ ਦੋਸ਼ੀ ਸੋਨੂ ਦੀ ਪਤਨੀ ਦੇ ਨਾਲ ਨਾਜਾਇਜ਼ ਸੰਬੰਧ ਸਨ।

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
7 Days Work · All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5’8’’ ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10’’, Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉਮਰ 35 ਸਾਲ, ਕੱਦ 5’5’’, ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5’-11’’, ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5’11’’(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5’4’’, ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5’-3’’, ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6’’ ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ’ ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5’3’’, ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ’ ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
AVTAR UPPAL Manager
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ

# ਹੈਮਿਲਟਨ ਦੀ ਸਲਾਨਾ ਸੁਗਲੀਆ 'ਆਈ ਰੱਨ ਸੈਂਟਾ' ਸਮੇਤ ਸੰਜੂ ਗੁਪਤਾ ਨੇ ਇਸ ਵੀਕ-ਐਂਡ 'ਤੇ ਦੋ ਦੌੜਾਂ ਵਿਚ ਲਿਆ ਹਿੱਸਾ






ਬਰੈਂਪਟਨ, (ਡਾ. ਝੰਡ) - ਕ੍ਰਿਸਮਸ ਦੇ ਤਿਓਹਾਰ ਦੇ ਮੁੱਖ-ਪਾਤਰ ਸੈਂਟਾ ਕਲਾਸ ਦੇ ਨਾਂ ਨਾਲ ਜੁੜੀ ਪਿਛਲੇ 20 ਸਾਲਾਂ ਤੋਂ ਹੈਮਿਲਟਨ ਵਿਚ ਲਗਾਤਾਰ ਕਰਵਾਈ ਜਾ ਰਹੀ 'ਆਈ ਰੱਨ ਸੈਂਟਾ' ਦਾ ਆਯੋਜਨ ਇਸ ਲੰਘੇ ਐਤਵਾਰ 24 ਨਵੰਬਰ ਨੂੰ ਕੀਤਾ ਗਿਆ। ਪੰਜ ਕਿਲੋਮੀਟਰ ਦੀ ਇਹ ਦੌੜ ਅਤੇ ਵਾੱਕ ਹੈਮਿਲਟਨ-ਵਾਸੀ ਲੇਡੀ ਕੈਲੀ ਐਮੋਟ ਵੱਲੋਂ ਕਰਵਾਈ ਜਾਂਦੀ ਹੈ ਜਿਸ ਵਿਚ ਸ਼ਾਮਲ ਹੋਣ ਵਾਲੇ ਸਾਰੇ ਦੌੜਾਕ ਅਤੇ ਵਾੱਕਰ ਸੈਂਟਾ ਦੀ ਲਾਲ ਤੇ ਚਿੱਟੇ ਰੰਗ ਦੀ ਖ਼ਾਸ ਸੈਂਟਾ ਪੌਸ਼ਾਕ ਪਹਿਨ ਕੇ ਦੌੜਦੇ ਹਨ ਅਤੇ ਇਸ ਦੌੜ ਦੇ ਨਿਯਮਾਂ ਅਨੁਸਾਰ ਇਹ ਜ਼ਰੂਰੀ ਵੀ ਹੈ। ਇਹ ਸਪੈਸ਼ਲ ਸੈਂਟ ਸੂਟ ਦੌੜਾਕਾਂ ਨੂੰ ਦੌੜ/ਵਾੱਕ ਦੇ ਅੰਤ ਵਿਚ ਤੋਹਫ਼ੇ ਵਜੋਂ ਦਿੱਤੇ ਜਾਂਦੇ ਹਨ ਜਿਨ੍ਹਾਂ ਨੂੰ ਪਹਿਨ ਕੇ ਉਹ ਅਗਲੇ ਸਾਲ ਇਸ ਈਵੈਂਟ ਵਿਚ ਸ਼ਾਮਲ ਹੋਣ ਲਈ ਆਉਂਦੇ ਹਨ। ਇਸ ਦੌੜ ਵਿਚ ਬੇਸ਼ਕ ਸਮੇਂ ਦੀ ਪਾਬੰਦੀ ਨਹੀਂ ਹੈ ਪਰ ਪਹਿਲੀਆਂ ਤਿੰਨ ਪੋਜ਼ੀਸ਼ਨਾਂ ਵਾਲੇ ਮਰਦਾਂ ਅਤੇ ਔਰਤਾਂ ਨੂੰ ਸਪੈਸ਼ਲ ਇਨਾਮ ਦਿੱਤੇ ਜਾਂਦੇ ਹਨ।

ਟੀ.ਪੀ.ਏ.ਆਰ. ਕਲੱਬ ਦੇ ਸਰਗ਼ਰਮ ਮੈਂਬਰ ਸੰਜੂ ਗੁਪਤਾ ਨੇ ਇਸ ਦੌੜ ਵਿਚ ਬੜੇ ਸ਼ੌਕ ਨਾਲ ਭਾਗ ਲਿਆ ਅਤੇ ਉਸ ਨੇ ਇਹ ਦੌੜ 31 ਮਿੰਟ 30 ਸਕਿੰਟ ਵਿਚ ਪੂਰੀ ਕੀਤੀ। ਉਹ ਪਿਛਲੇ ਪੰਜ ਸਾਲਾਂ ਤੋਂ ਇਸ ਵਿਚ ਹਿੱਸਾ ਲੈ ਰਿਹਾ ਹੈ। ਇਹ ਦੌੜ ਹੈਮਿਲਟਨ ਤੋਂ ਇਲਾਵਾ ਬਰਲਿੰਗਟਨ ਸ਼ਹਿਰ ਵਿਚ ਵੀ ਕਰਵਾਈ ਜਾਂਦੀ ਹੈ ਜਿੱਥੇ ਇਸ ਸਾਲ ਇਹ 7 ਦਸੰਬਰ ਨੂੰ ਹੋ ਰਹੀ ਹੈ ਅਤੇ ਸੰਜੂ ਓਥੇ ਵੀ ਇਸ ਵਿਚ ਭਾਗ ਲੈਣ ਲਈ ਜਾ ਰਿਹਾ ਹੈ। ਇਸ ਤੋਂ ਪਹਿਲੇ ਦਿਨ ਸ਼ਨੀਵਾਰ 23 ਨਵੰਬਰ ਨੂੰ ਉਸ ਨੇ ਟੋਰਾਂਟੋ ਵਿਚ ਸੀ.ਐੱਨ.ਈ. ਗਰਾਊਂਡ ਦੇ ਸਾਹਮਣੇ ਓਨਟਾਰੀਓ ਪਲੇਸ ਦੇ ਨੇੜੇ ਕੌਰੋਨੇਸ਼ਨ ਪਾਰਕ ਤੋਂ ਸ਼ੁਰੂ ਹੋਈ 'ਕੋਲਡ ਐਂਡ ਬੋਲਡ' ਰੱਨ ਵਿਚ ਵੀ ਭਾਗ ਲਿਆ। ਇਸ 5 ਕਿਲੋਮੀਟਰ ਵਿਚ 300 ਵਿਦਿਆਰਥੀਆਂ ਸਮੇਤ 800 ਦੌੜਾਕਾਂ ਨੇ ਹਿੱਸਾ ਲਿਆ ਅਤੇ ਸੰਜੂ ਨੇ ਇਹ ਦੌੜ 32 ਮਿੰਟਾਂ ਵਿਚ ਪੂਰੀ ਕੀਤੀ।

JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਹਿਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

TransExpert NOW HIRING! Skylark LOGISTICS INC.
Full Time Mechanic Also Needed
Highway US Drivers & Owner Operators Wanted
• 2 year experience must. • Drivers paid 60C per mile.
• Midwest runs. • Direct deposit payments.
• Friendly dispatch and flexible schedule.
• Brand new automatic trucks.
• New trailers so no hastle at scales.
• On site fuel and scale.
Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.

Tri-City Professional Realty Inc., Brokerage. Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
◆ Free Evaluation of your Property
◆ Special Packages for First Time Buyer
◆ Arrangement of Low Mortgage rate Lawyer
◆ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep.

FOR SALE $1,279,900 Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੂਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE $129,900 Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

## CLASSIFIEDS

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
▪ 1 yr Home Warranty
Free valuation & Lowest Commission
▪ We Help to get mortgage
▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com
For SUPER-VISA INSURANCE, TRAVEL INSURANCE RESP Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
▪ Ministry of Community Safety and Correctional Services approved. ▪ We speak English, Hindi, Punjabi &Urdu.
▪ Training by Professional Instructors. First Aid & CPR certification included. ▪ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# Cyber scam During Black Friday Sales



By: Surjit Singh Flora

Love it or hate it, Black Friday has become the huge shopping event of the year, with customers spending millions of dollars both in-store and online.

This year, the seasonal shopping extravaganzas lands on Friday, Nov. 29. The date may change, but the principle remains the same.

Black Friday attracts a lot of people, and "lots of people" attract scammers. That means you need to be extra careful when shopping online over the Black Friday or Cyber Monday weekend. There will be people out there keen to relieve you of more money than you try to save.

So, if you are desperate to purchase that 'must-have' coat, shoes, or electrical item and you find one in stock, but with a tempting price, remember the old axiom - if it' too good to be true, it probably is.

When you visit a website on social media page this season and see temptingly low prices, ask yourself - do you recognize the site? Trust the retailer?

While many prices will be very discounted, if you see an item that you consider ridiculously cheap, ensure that you are purchasing it from a verified website and that the retailer is recognizable.

In some cases, these websites are real, but in some scenarios, they are unfortunately a scam.

I speak from experience. In 2014, I was browsing Facebook with my seven-year-old son standing behind me. He saw an ad for an electric-powered go-kart, which usually retails at about $600-700 and up. On this particular Black Friday occasion, the price was a tempting $287. He was asking me to buy it before, and I had checked many sites, only to see it was out of my budget. I was waiting for the best offer, so when I saw this, I decided to purchase it. I paid by Visa card and was given the delivery date in two weeks' time. Two weeks passed and nothing arrived. I sent emails, which bounced, and the number given for the site wasn't working.




Finally, I received an automatic message from a no-reply email account. I later found out it was a cyber scam. I forwarded all the links and emails to the police, but nothing was done. Even the website was taken down shortly after I complained.

Many people have likely seen the posts on social media doing the rounds - for example, a post from an anonymous Facebook user might have a picture posted advertising name brands with massive discounts on a website specifically made for the Black Friday sale.

Most, if not all, of these sites should be avoided as they are fraudulent. Many customers have reported and posted reviews that detail this - once they enter their credit card details, they never get the goods.

Over the last few years, Black Friday has been used to scam buyers and customers, who are being deceived on names of discount and original products.

Hackers steal the details of customers that are ordering online and use their financial information for nefarious means. Below are the tricks that hackers use to scam online buyers:

- Dummy Websites (clone websites of famous brands)
- Fake Ads (Running multiple ads on social media)
- Phishing Attacks (mostly done through emails)

Online buyers should be aware of such scams and keep an eye on suspicious websites and online activities. They should learn or at least follow some tips and tricks to avoid Black Friday scams. Some of the tips listed below:

- Cross-check the deals before availing it.
- Use credit cards for shopping online instead of debit cards.
- Keep your device's security software up to date.
- Make sure to buy from verified websites/accounts/apps.
- Don't shop using public Wi-Fi

If your browser is right up to date, make sure to check whether dangerous links are autoblocked before you click on them. You'll see some great offers advertised in your emails and over social media, but no discount is worth the jeopardy of exposing yourself to online scammers.

Wherever possible, stick to the big-name stores online: Best Buy, Amazon, Walmart, and so on. These major retailers have robust cybersecurity procedures in place, so the chances of getting hacked are slim. if you're still buying from any site, always check whether you are on the store web portal you think you are by verifying it in your browser's address bar.

It's not that you should never shop at web outlets, but make sure they are using HTTPS technology, which is indicated by a padlock symbol in your browser's address bar. Look for an office with a physical address and contact details, and reviews left by some other users (such as Trustpilot) can be helpful for you. See if they have an established presence on Facebook or Twitter — and if those accounts are active.

Credit and debit card issuers might protect you against the fraud but check their online policies if you are not sure about yours. Nevertheless, keep checking your bank accounts throughout the Black Friday event weekend to make sure only the amounts you're expecting to be debited are going out.

# ਪੁੱਤਰਾ! ਤਾਰੂ ਈ ਡੁੱਬਦੇ ਆ..

-ਸੁਖਪ੍ਰੀਤ ਸਿੰਘ

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਮੈਂ ਆਪਣੇ ਪਿੰਡ ਤਾਮਕੋਟ ਦੇ ਸਰਕਾਰੀ ਸਕੂਲ ਵਿੱਚ ਪੜ੍ਹਦਾ ਹੁੰਦਾ ਸੀ। ਸਕੂਲ ਵਿੱਚ ਛੁੱਟੀ ਤੋਂ ਬਾਅਦ ਅਸੀਂ ਚਾਰ ਪੰਜ ਦੋਸਤਾਂ ਨੇ ਸਿੱਧੇ ਘਰ ਨਾ ਜਾਣਾ, ਰਲ ਕੇ ਕੋਈ ਨਾ ਕੋਈ ਸ਼ਰਾਰਤ ਜ਼ਰੂਰ ਕਰਨੀ। ਇਹ ਗੱਲ 2008 ਦੀ ਹੈ, ਜਦੋਂ ਸਾਡੇ ਪਿੰਡ ਵਿੱਚ ਇਕ ਹੀ ਅਜਿਹਾ ਘਰ ਸੀ, ਜਿਸ ਦੇ ਗੇਟ ਦੇ ਬਾਹਰ ਘੰਟੀ ਵਾਲੀ ਬਿਜਲੀ ਦੀ ਸਵਿੱਚ ਲੱਗੀ ਹੋਈ ਸੀ। ਸਵਿੱਚ ਦੱਬਣ 'ਤੇ ਅੰਦਰ ਘੰਟੀ ਵੱਜਣੀ ਤਾਂ ਘਰੋਂ ਕਿਸੇ ਜੀਅ ਨੇ ਬਾਹਰ ਆ ਕੇ ਦੇਖਣਾ ਕਿ ਕੌਣ ਮਹਿਮਾਨ ਆਇਆ ਹੋਊ। ਅਸੀਂ ਸਕੂਲ ਤੋਂ ਪੈਦਲ ਘਰ ਪਰਤਦਿਆਂ ਹਰ ਰੋਜ਼ ਇਹ ਘੰਟੀ ਵਜਾ ਕੇ ਦੌੜ ਜਾਂਦੇ ਸੀ। ਉਸ ਘਰ ਵਾਲਿਆਂ ਨੇ ਕਈ ਵਾਰ ਸਾਡੀ ਸਕੂਲ ਸ਼ਿਕਾਇਤ ਕੀਤੀ, ਪਰ ਅਸੀਂ ਨਾ ਹਟੇ। ਸਾਡੀ ਰੋਜ਼ਾਨਾ ਦੀ ਸ਼ਰਾਰਤ ਤੋਂ ਤੰਗ ਆ ਕੇ ਆਖਰ ਉਨ੍ਹਾਂ ਨੇ ਘੰਟੀ ਹੀ ਉਤਰਵਾ ਦਿੱਤੀ।

ਇਕ ਸ਼ਰਾਰਤ ਬੰਦ ਹੋਣੀ ਤਾਂ ਦੂਜੀ ਕੋਈ ਹੋਰ ਸ਼ੁਰੂ ਹੋ ਜਾਣੀ, ਕਦੀ ਕਿਸੇ ਦੇ ਖੜੇ ਸਾਈਕਲ ਦੀ ਹਵਾ ਕੱਢ ਦੇਣੀ, ਕਿਸੇ ਦੇ ਘਰ ਦੇ ਬਾਹਰ ਆਵਾਜ਼ ਦੇ ਕੇ ਭੱਜ ਜਾਣਾ, ਆਦਿ। ਇਸ ਤਰ੍ਹਾਂ ਦੀਆਂ ਸ਼ਰਾਰਤਾਂ ਸਾਡੇ ਰੋਜ਼ਾਨਾ ਜੀਵਨ ਦਾ ਹਿੱਸਾ ਬਣ ਚੁੱਕੀਆਂ ਸਨ। ਸਕੂਲ ਸੜਕ 'ਤੇ ਪੈਂਦਾ ਹੋਣ ਕਰਕੇ ਇਥੋਂ ਕੋਈ ਨਾ ਕੋਈ ਵਾਹਨ ਲੰਘਦਾ ਰਹਿੰਦਾ ਸੀ। ਸਕੂਲ ਘੰਟੀ ਤੋਂ ਬਾਅਦ ਅਸੀਂ ਸੜਕ ਤੋਂ ਲੰਘਣ ਵਾਲੀਆਂ ਗੰਨਿਆਂ ਨਾਲ ਭਰੀਆਂ ਟਰਾਲੀਆਂ ਮਗਰ ਲਮਕ ਕੇ ਗੰਨੇ ਖਿੱਚਦੇ। ਜਦੋਂ ਇੱਟਾਂ ਵਾਲੇ ਭੱਠੇ ਤੋਂ ਟਰਾਲੀਆਂ ਸਕੂਲ ਕੋਲੋਂ ਲੰਘਣੀਆਂ ਤਾਂ ਉਨ੍ਹਾਂ ਦੇ ਪਿੱਛੇ ਲਮਕ ਜਾਣਾ। ਬੈਲ ਗੱਡੀਆਂ ਮਗਰ ਦੌੜਨਾ ਅਤੇ ਉਨ੍ਹਾਂ ਨਾਲ ਸ਼ਰਾਰਤਾਂ ਕਰਨੀਆਂ।

ਸਕੂਲ ਦੇ ਲਾਗੇ ਸਾਡੇ ਪਿੰਡ ਦੇ ਬਜ਼ੁਰਗਾਂ ਦੇ ਬੈਠਣ ਲਈ ਫੱਟਾ ਰੱਖਿਆ ਹੋਇਆ ਸੀ, ਜਿਥੇ ਅਕਸਰ ਉਹ ਬੈਠ ਕੇ ਗੱਲਾਂ ਮਾਰਦੇ ਅਤੇ ਤਾਸ਼ ਕੁੱਟਦੇ। ਉਥੇ ਬੈਠੇ ਬਜ਼ੁਰਗਾਂ ਨੇ ਸਾਨੂੰ ਸ਼ਰਾਰਤਾਂ ਕਰਨ ਤੋਂ ਵਰਜਣਾ, ਪਰ ਸਾਡੀ ਸਿਹਤ 'ਤੇ ਕੋਈ ਅਸਰ ਨਹੀਂ ਹੋਣਾ। ਇਹ ਸਿਲਸਿਲਾ ਬੇਰੋਕ ਕਈ ਸਾਲ ਇਸ ਤਰ੍ਹਾਂ ਚੱਲਦਾ ਰਿਹਾ। ਇਕ ਦਿਨ ਅਸੀਂ ਸਕੂਲ ਛੁੱਟੀ ਤੋਂ ਬਾਅਦ ਸ਼ਰਾਰਤ ਕਰਨ ਦਾ ਮਨ ਬਣਾ ਰਹੇ ਸੀ ਕਿ ਸਾਨੂੰ ਅਚਾਨਕ ਇੱਟਾਂ ਨਾਲ ਭਰੀ ਟਰਾਲੀ ਆਉਂਦੀ ਨਜ਼ਰ ਆਈ। ਅਸੀਂ ਝੱਟ ਟਰਾਲੀ ਮਗਰ ਲਮਕਣ ਦਾ ਮਨ ਬਣਾ ਲਿਆ। ਜਿਉਂ ਹੀ ਅਸੀਂ ਟਰਾਲੀ ਮਗਰ ਲਮਕੇ ਤਾਂ ਕੋਲ ਤਾਸ਼ ਖੇਡ ਰਹੇ ਬਜ਼ੁਰਗਾਂ ਨੇ ਸਾਨੂੰ ਵਰਜਦੇ ਹੋਏ ਕਿਹਾ, 'ਮਰਜੋਂਗੇ ਡਿੱਗ ਕੇ।' ਮੈਂ ਝੱਟ ਜਵਾਬ ਦਿੱਤਾ, 'ਬਾਪੂ ਐ ਕਿਵੇਂ ਡਿੱਗਜਾਂਗੇ, ਸਾਡਾ ਤਾਂ ਇਹ ਨਿੱਤ ਦਾ ਕੰਮ ਐ।' ਬਾਪੂ ਨੇ ਮੋੜਵਾਂ ਜਵਾਬ ਦਿੰਦੇ ਹੋਏ ਕਿਹਾ, 'ਪੁੱਤਰਾ! ਤਾਰੂ ਈ ਡੁੱਬਦੇ ਹੁੰਦੇ ਆ।'

ਬਾਬੇ ਦੇ ਕਹੇ ਸ਼ਬਦ ਕਈ ਦਿਨ ਮੇਰੇ ਦਿਮਾਗ 'ਚ ਘੁੰਮਦੇ ਰਹੇ। ਮੈਂ ਸੋਚਣਾ ਕਿ ਜੋ ਤਰਨਾ ਜਾਣਦਾ ਹੈ, ਉਹ ਕਿਵੇਂ ਡੁੱਬ ਸਕਦਾ? ਮੈਂ ਬੇਚੈਨ ਰਹਿਣ ਲੱਗ ਪਿਆ। ਫਿਰ ਮੈਂ ਇਹ ਸਾਰੀ ਵਾਰਤਾ ਇਕ ਦਿਨ ਆਪਣੇ ਅਧਿਆਪਕ ਨੂੰ ਸੁਣਾਈ ਤਾਂ ਉਨ੍ਹਾਂ ਬੜੇ ਪਿਆਰ ਨਾਲ ਪੜ੍ਹਾਈ ਦਾ ਹਵਾਲਾ ਦਿੰਦੇ ਹੋਏ ਸਮਝਾਇਆ, 'ਤੁਸੀਂ ਜੋ ਕੰਮ ਕਰ ਰਹੇ ਹੋ, ਉਸ ਦੇ ਨਤੀਜੇ ਦਾ ਅਸਰ ਵੀ ਸਭ ਤੋਂ ਪਹਿਲਾਂ ਤੁਹਾਡੇ ਉਪਰ ਪੈਂਦਾ ਹੈ। ਜੋ ਪੇਪਰ ਦਿੰਦਾ ਹੈ, ਉਹੀ ਪਾਸ ਹੁੰਦਾ ਹੈ, ਪ੍ਰੰਤੂ ਜ਼ਰੂਰੀ ਨਹੀਂ ਕਿ ਉਹ ਹਰ ਵਾਰ ਪਾਸ ਹੀ ਹੋਵੇ। ਉਹ ਕਦੇ ਫੇਲ੍ਹ ਵੀ ਹੋ ਸਕਦਾ ਹੈ। ਇਸੇ ਤਰ੍ਹਾਂ ਜਿਸ ਨੂੰ ਤੈਰਨਾ ਆਉਂਦਾ ਹੈ, ਉਹ ਹੀ ਪਾਣੀ 'ਚ ਛਾਲ ਮਾਰੇਗਾ, ਉਹ ਹੀ ਤਰੇਗਾ ਜਾਂ ਡੁੱਬੇਗਾ। ਕੋਈ ਪਾਣੀ ਦੇ ਬਾਹਰ ਖੜਾ ਕਿਵੇਂ ਡੁੱਬ ਸਕਦਾ ਹੈ? ਜੇ ਤੁਸੀਂ ਟਰਾਲੀ ਮਗਰ ਲਮਕਦੇ ਹੋ ਤਾਂ ਇਹ ਨਹੀਂ ਕਿ ਤੁਸੀਂ ਡਿੱਗ ਨਹੀਂ ਸਕਦੇ।'

ਬਾਪੂ ਦੇ ਕਹੇ ਸ਼ਬਦਾਂ 'ਪੁੱਤਰਾ, ਤਾਰੂ ਹੀ ਡੁੱਬਦੇ ਹੁੰਦੇ ਆ' ਅਤੇ ਅਧਿਆਪਕ ਦੁਆਰਾ ਕੀਤੀ ਵਿਆਖਿਆ ਦਾ ਮੇਰੇ ਉਪਰ ਅਸਰ ਹੋਇਆ। ਮੈਨੂੰ ਜ਼ਿੰਦਗੀ ਦਾ ਦੂਜਾ ਪੱਖ ਵੀ ਸਮਝ ਆ ਗਿਆ ਜਿਸ ਦਾ ਮੇਰੀ ਜ਼ਿੰਦਗੀ ਵਿੱਚ ਅਹਿਮ ਰੋਲ ਹੈ। ਇਨ੍ਹਾਂ ਅਰਥ ਭਰਪੂਰ ਸ਼ਬਦਾਂ ਨੇ ਮੈਨੂੰ ਸ਼ਰਾਰਤਾਂ ਤੋਂ ਹੀ ਨਹੀਂ ਹਟਾ ਦਿੱਤਾ, ਸਗੋਂ ਮੇਰਾ ਪੜ੍ਹਾਈ ਪ੍ਰਤੀ ਦ੍ਰਿਸ਼ਟੀਕੋਣ ਹੀ ਬਦਲ ਦਿੱਤਾ। ਇਸ ਤੋਂ ਬਾਅਦ ਮੇਰੇ ਜੀਵਨ ਵਿੱਚ ਕਈ ਉਤਰਾਅ ਚੜ੍ਹਾਅ ਆਏ, ਪ੍ਰੰਤੂ ਮੈਂ ਅਸਫਲਤਾ ਜਾਂ ਹਾਰ ਨੂੰ ਖਿੜੇ ਮੱਥੇ ਪ੍ਰਵਾਨ ਕਰਕੇ ਹੋਰ ਮਿਹਨਤ ਕਰਦਾ ਰਿਹਾ। ਇਕ ਬਜ਼ੁਰਗ ਦੇ ਕਹੇ ਸ਼ਬਦਾਂ ਨੇ ਮੈਨੂੰ ਮੰਜ਼ਿਲ ਤੱਕ ਪਹੁੰਚਾਉਣ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਮੈਂ ਹੁਣ ਅਧਿਆਪਕ ਵਜੋਂ ਸੇਵਾਵਾਂ ਨਿਭਾਉਂਦਾ ਹੋਇਆ ਜਦੋਂ ਆਪਣੇ ਸਕੂਲ ਵਿੱਚ ਕਿਸੇ ਵਿਦਿਆਰਥੀ ਨੂੰ ਭਟਕ ਰਿਹਾ ਮਹਿਸੂਸ ਕਰਦਾ ਹਾਂ ਤਾਂ ਤੁਰੰਤ ਉਸ ਦਾ ਮਾਰਗ ਦਰਸ਼ਕ ਬਣਨ ਦੀ ਕੋਸ਼ਿਸ਼ ਕਰਦਾ ਹਾਂ।

# ਕੀ ਪੇਂਡੂ ਲੋਕ ਝੋਲਾ ਛਾਪ ਡਾਕਟਰਾਂ ਦੇ ਰਹਿਮੋ-ਕਰਮ ਉੱਤੇ ਰਹਿਣਗੇ

ਪਿੰਡਾਂ ਦੀਆਂ ਸਿਹਤ ਸਹੂਲਤਾਂ ਤੋਂ ਪੰਜਾਬ ਸਰਕਾਰ ਵੱਲੋਂ ਹੱਥ ਪਿੱਛੇ ਖਿੱਚਣਾ ਬੜਾ ਮਾੜਾ ਹੈ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਇੱਕ ਪਹਿਲਾ ਮੌਕਾ ਆਇਆ, ਜਦੋਂ ਭਾਰਤ ਦੀ ਇੱਕ ਕਿਸੇ ਵੀ ਸੂਬਾ ਸਰਕਾਰ ਨੇ ਕੋਈ ਅਜਿਹੀ ਸਕੀਮ ਤਿਆਰ ਕੀਤੀ, ਜਿਸ ਵਿੱਚ ਸ਼ਹਿਰਾਂ ਨਾਲੋਂ ਵੀ ਵੱਧ ਪਿੰਡਾਂ ਵਿੱਚ ਸਿਹਤ ਸਹੂਲਤਾਂ ਦੇਣ ਦਾ ਪਲਾਨ ਤਿਆਰ ਹੋਇਆ।



ਦੇਸ਼ ਦੀਆਂ ਸੂਬਾ ਸਰਕਾਰਾਂ ਅਤੇ ਸਿਹਤ ਕਾਮਿਆਂ ਨੇ ਕਦੇ ਵੀ ਪਿੰਡਾਂ ਵਿੱਚ ਕੰਮ ਕਰਨਾ ਪਸੰਦ ਨਹੀਂ ਕੀਤਾ, ਭਾਵੇਂ ਉਹ ਪੰਜਾਬ ਹੋਵੇ, ਬਿਹਾਰ ਹੋਵੇ ਜਾਂ ਰਾਜਸਥਾਨ। ਡਾਕਟਰਾਂ ਤੋਂ ਲੈ ਕੇ ਨਰਸਾਂ, ਫਾਰਮਾਸਿਸਟਾਂ, ਸਵੀਪਰਾਂ ਤੱਕ, ਹਰ ਕੋਈ ਸ਼ਹਿਰ ਵਿੱਚ ਹੀ ਕੰਮ ਕਰਨਾ ਚਾਹੁੰਦਾ ਹੈ ਤਾਂ ਜੋ ਸ਼ਹਿਰ ਦੀਆਂ ਸੁੱਖ-ਸਹੂਲਤਾਂ ਨੂੰ ਮਾਣ ਸਕੇ ਅਤੇ ਆਪਣੇ ਬੱਚਿਆਂ ਨੂੰ ਸ਼ਹਿਰ ਦੇ ਵੱਡੇ ਤੋਂ ਵੱਡੇ ਸਕੂਲ ਵਿੱਚ ਪੜ੍ਹਾ ਸਕੇ। ਬਿਨਾਂ ਪਾਣੀ, ਬਿਨਾਂ ਬਿਜਲੀ, ਟੁੱਟੀਆਂ ਬਿਲਡਿੰਗਾਂ ਅਤੇ ਟੁੱਟੇ ਬੀ ਪੀ ਓਪਰੇਟਸ ਅਤੇ ਸਟੈਥੋਸਕੋਪ ਨਾਲ ਕੋਈ ਵੀ ਡਾਕਟਰ ਪਿੰਡ ਵਿੱਚ ਕੰਮ ਕਰਨ ਲਈ ਰਾਜ਼ੀ ਨਹੀਂ ਸੀ, ਪਰ 2006 ਵਿੱਚ ਪੰਜਾਬ ਸਰਕਾਰ ਨੇ ਯੂ ਪੀ ਏ ਸਰਕਾਰ ਦੇ ਫਲੈਗਸ਼ਿਪ ਪ੍ਰੋਗਰਾਮ, ਜਿਸ ਵਿੱਚ 73ਵੀਂ ਅਤੇ 74ਵੀਂ ਸੋਧ ਵਜੋਂ ਪੰਚਾਇਤਾਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਵੱਧ ਤੋਂ ਵੱਧ ਅਧਿਕਾਰ ਦੇਣ ਦਾ ਪ੍ਰੋਗਰਾਮ ਲਾਗੂ ਕੀਤਾ, ਹੇਠ ਤਕਰੀਬਨ 1200 ਦੇ ਕਰੀਬ ਪੇਂਡੂ ਸਿਹਤ ਡਿਸਪੈਂਸਰੀਆਂ ਪੰਚਾਇਤਾਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਸੌਂਪੀਆਂ ਗਈਆਂ, ਜਿਸ ਦਾ ਮੁੱਖ ਮੰਤਵ ਪਿੰਡਾਂ ਵਿੱਚ ਪੱਕੇ ਤੌਰ 'ਤੇ ਸਿਹਤ ਸੇਵਾਵਾਂ ਦੇਣਾ ਸੀ।

ਪਿਛਲੇ ਤੀਹ ਸਾਲਾਂ ਤੋਂ ਸਰਕਾਰਾਂ ਇਸ ਗੱਲ ਨਾਲ ਜੂਝ ਰਹੀਆਂ ਸਨ। ਪਿੰਡਾਂ ਵਿੱਚ ਡਾਕਟਰਾਂ ਨੂੰ ਭੇਜਣਾ ਮੁਸ਼ਕਲ ਜਾਪ ਰਿਹਾ ਸੀ ਅਤੇ ਸਿਹਤ ਸੇਵਾਵਾਂ ਦਾ ਮਿਆਰ ਦਿਨ ਪ੍ਰਤੀ ਦਿਨ ਹੇਠਾਂ ਡਿੱਗ ਰਿਹਾ ਸੀ। ਆਲਮ ਇਹ ਸੀ ਕਿ ਪਿੰਡਾਂ ਦੀਆਂ ਡਿਸਪੈਂਸਰੀਆਂ ਵਿੱਚ ਸਿਰਫ ਚੌਕੀਦਾਰ ਨਜ਼ਰ ਆਉਂਦਾ ਸੀ। ਪੱਛੜੇ ਤੇ ਸਰਹੱਦੀ ਇਲਾਕਿਆਂ ਤਾਂ ਡਾਕਟਰ ਜਾਣਾ ਪਸੰਦ ਨਹੀਂ ਕਰਦੇ ਸੀ। ਸਰਕਾਰੀ ਅੰਕੜਿਆਂ ਮੁਤਾਬਕ ਤਰਨ ਤਾਰਨ, ਗੁਰਦਾਸਪੁਰ, ਮਾਨਸਾ, ਸੰਗਰੂਰ, ਫਿਰੋਜ਼ਪੁਰ, ਫਾਜ਼ਿਲਕਾ, ਗੁਰਦਾਸਪੁਰ, ਪਠਾਨਕੋਟ ਤੇ ਅੰਮ੍ਰਿਤਸਰ ਦੇ ਸਰਹੱਦੀ ਇਲਾਕਿਆਂ ਤੇ ਪਟਿਆਲਾ ਤੋਂ ਸੰਗਰੂਰ ਦੇ ਹਰਿਆਣਾ ਨਾਲ ਲੱਗਦੇ ਇਲਾਕਿਆਂ ਵਿੱਚ ਮਨਜ਼ੂਰਸ਼ੁਦਾ ਪੋਸਟਾਂ 'ਤੇ ਸਿਰਫ 10 ਤੋਂ 15 ਫੀਸਦੀ ਡਾਕਟਰ ਹੀ ਹੁੰਦੇ ਸਨ। ਸੰਵਿਧਾਨ ਦੀ 73ਵੀਂ ਅਤੇ 74ਵੀਂ ਸੋਧ ਨੂੰ ਲਾਗੂ ਕਰਦਿਆਂ ਸਾਲ 2006 'ਚ ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤਾਂ ਨੂੰ ਦਿੱਤੇ ਗਏ ਵਿਭਾਗਾਂ ਵਿੱਚ ਡਾਕਟਰਾਂ ਦੀ ਭਰਤੀ ਇਸ ਤਰੀਕੇ ਨਾਲ ਕੀਤੀ ਗਈ ਤਾਂ ਜੋ ਉਹ ਆਪਣੇ ਘਰ ਦੇ ਨੇੜੇ ਹੀ ਪੋਸਟਿੰਗ ਲੈ ਸਕਣ।

ਭਰਤੀ ਦੌਰਾਨ ਨੌਕਰੀਆਂ ਦੀਆਂ ਅਰਜ਼ੀਆਂ ਲਈ ਕੋਈ ਫੀਸ ਤੱਕ ਵੀ ਨਹੀਂ ਰੱਖੀ ਗਈ। ਸਾਰੇ ਪੰਜਾਬ ਵਿੱਚ ਹਰ ਜ਼ਿਲ੍ਹੇ ਤੇ ਤਹਿਸੀਲ ਅੰਦਰ 1200 ਐਮ ਬੀ ਬੀ ਐਸ ਡਾਕਟਰ ਪੇਂਡੂ ਡਿਸਪੈਂਸਰੀਆਂ ਵਿੱਚ ਆਪਣੇ ਘਰਾਂ ਦੇ ਨੇੜੇ ਤੈਨਾਤ ਕੀਤੇ ਗਏ, ਤਾਂ ਜੋ ਉਹ ਵੱਡੇ ਸ਼ਹਿਰਾਂ ਵੱਲ ਜਾਣ ਦਾ ਧਿਆਨ ਆਪਣੇ ਮਨ 'ਚੋਂ ਕੱਢ ਸਕਣ। ਇਥੋਂ ਤੱਕ ਕਿ ਉਨ੍ਹਾਂ ਦੀਆਂ ਪੋਸਟਾਂ ਵੀ ਨਾ ਬਦਲੀਯੋਗ ਰੱਖੀਆਂ ਗਈਆਂ। ਸੰਨ 2007 ਤੱਕ ਪਹੁੰਚਦੇ ਪਹੁੰਚਦੇ ਪੇਂਡੂ ਡਿਸਪੈਂਸਰੀਆਂ ਵਿੱਚ ਮਰੀਜ਼ਾਂ ਦੀ ਗਿਣਤੀ ਵੀ ਵਧਣੀ ਸ਼ੁਰੂ ਹੋ ਗਈ ਅਤੇ ਇਹ ਚਾਰ-ਪੰਜ ਮਰੀਜ਼ਾਂ ਤੋਂ ਚਾਲੀ-ਪੰਜਾਹ ਤੱਕ ਪਹੁੰਚ ਗਈ। 2012 ਤੱਕ ਪਹੁੰਚਦੇ ਪਹੁੰਚਦੇ ਪੰਜਾਬ ਦੀਆਂ ਜ਼ਿਲ੍ਹਾ ਪ੍ਰੀਸ਼ਦਾਂ ਹੇਠ ਪੈਂਦੀਆਂ ਪੇਂਡੂ ਡਿਸਪੈਂਸਰੀਆਂ ਵਿੱਚ ਮਰੀਜ਼ਾਂ ਦੀ ਗਿਣਤੀ ਲਗਭਗ ਇੱਕ ਕਰੋੜ ਸਾਲਾਨਾ ਤੋਂ ਉਪਰ ਪਹੁੰਚ ਗਈ। ਇਹ ਸਰਕਾਰੀ ਅੰਕੜੇ ਪੰਜਾਬ ਨੇ ਉਸ ਸਮੇਂ ਕੇਂਦਰੀ ਸਿਹਤ ਮੰਤਰੀ ਗੁਲਾਮ ਨਬੀ ਆਜ਼ਾਦ ਨੂੰ 2012-13 ਦੌਰਾਨ ਪੇਸ਼ ਕੀਤੇ।

ਪੰਜਾਬ ਦੀ 66 ਫੀਸਦੀ ਪਿੰਡਾਂ ਵਿੱਚ ਰਹਿੰਦੀ ਆਬਾਦੀ ਨੂੰ ਦਿੱਤੀਆਂ ਇਹ ਡਿਸਪੈਂਸਰੀਆਂ ਪਿੰਡਾਂ ਦੇ ਲੋਕਾਂ ਲਈ ਇੱਕ ਵਰਦਾਨ ਸਾਬਿਤ ਹੋਈਆਂ। ਇਸ ਦਾ ਸਿੱਟਾ ਇਹ ਨਿਕਲਿਆ ਕਿ ਅਕਾਲੀ ਸਰਕਾਰ ਨੂੰ ਸਿਹਤ ਡਿਸਪੈਂਸਰੀਆਂ ਵਿੱਚ ਲੱਗੇ ਡਾਕਟਰਾਂ ਦਾ ਕੰਮ ਦੇਖਦੇ ਹੋਏ ਅਤੇ ਪਿੰਡਾਂ ਦੇ ਲੋਕਾਂ ਨੂੰ ਇਸ ਦਾ ਲਾਭ ਦੇਖਦੇ ਹੋਏ ਠੇਕੇ 'ਤੇ ਰੱਖੇ ਡਾਕਟਰਾਂ ਦੀਆਂ ਨੌਕਰੀਆਂ ਰੈਗੂਲਰ ਕਰਨੀਆਂ ਪਈਆਂ, ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਇਸ ਦਾ ਪੱਕੇ ਤੌਰ 'ਤੇ ਲਾਭ ਮਿਲ ਸਕੇ।

ਦੂਜੇ ਪਾਸੇ ਸ਼ੁਰੂ ਤੋਂ ਹੀ ਸਕੀਮਾਂ ਅਫਸਰਸ਼ਾਹੀ ਦੇ ਗਲੇ ਨਹੀਂ ਉਤਰ ਰਹੀਆਂ ਸਨ ਕਿਉਂਕਿ ਇਸ ਯੋਜਨਾ ਵਿੱਚ ਅਫਸਰਾਂ ਦੀ ਬਜਾਏ ਜ਼ਿਆਦਾ ਅਧਿਕਾਰ ਲੋਕਾਂ ਦੇ ਚੁਣੇ ਗਏ ਨੁਮਾਇੰਦਿਆਂ ਪੰਚਾਂ, ਸਰਪੰਚਾਂ, ਪੰਚਾਇਤ ਸੰਮਤੀ ਮੈਂਬਰਾਂ, ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਤੇ ਚੇਅਰਮੈਨਾਂ ਨੂੰ ਦਿੱਤੇ ਗਏ। ਅਫਸਰਸ਼ਾਹੀ ਨੂੰ ਇਹ ਗੱਲ ਰਾਸ ਨਹੀਂ ਸੀ, ਪਰ ਕਿਵੇਂ ਨਾ ਕਿਵੇਂ ਕਰ ਕੇ ਮੌਕੇ ਦੇ ਮੁੱਖ ਮੰਤਰੀਆਂ ਨੇ ਪਿੰਡਾਂ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਪੱਕੇ ਤੌਰ 'ਤੇ ਹਾਸਲ ਕਰਾਉਣ ਲਈ ਅਫਸਰਾਂ ਵੱਲੋਂ ਚਲਾਏ ਪ੍ਰਾਪੇਗੰਡੇ ਨੂੰ ਕਾਮਯਾਬ ਨਹੀਂ ਹੋਣ ਦਿੱਤਾ। ਕਈ ਵਾਰ ਤਾਂ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀਆਂ ਨੇ ਮੌਕੇ 'ਤੇ ਅਫਸਰਸ਼ਾਹੀ ਦਾ ਡਟ ਕੇ ਵਿਰੋਧ ਵੀ ਕੀਤਾ ਅਤੇ ਇਨ੍ਹਾਂ ਪੇਂਡੂ ਡਿਸਪੈਂਸਰੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ।

ਸਰਕਾਰੀ ਅੰਕੜਿਆਂ ਮੁਤਾਬਕ ਜ਼ਿਲ੍ਹਾ ਪ੍ਰੀਸ਼ਦਾਂ ਦੇ ਅਧੀਨ ਪੈਂਦੀਆਂ ਡਿਸਪੈਂਸਰੀਆਂ 'ਚੋਂ 1186 ਡਿਸਪੈਂਸਰੀਆਂ ਨੂੰ 775 ਡਾਕਟਰ ਚਲਾ ਰਹੇ ਹਨ ਅਤੇ ਪਿਛਲੇ ਪੰਜ ਸਾਲਾਂ ਤੋਂ ਇੱਕ ਵੀ ਨਵੇਂ ਡਾਕਟਰ ਦੀ ਭਰਤੀ ਨਹੀਂ ਕੀਤੀ ਗਈ, ਜਦ ਕਿ ਇਸ ਦੇ ਉਲਟ ਸਿਹਤ ਵਿਭਾਗ, ਜਿਹੜਾ ਜ਼ਿਆਦਾ ਸ਼ਹਿਰੀ ਤੇ ਅਰਧ-ਸ਼ਹਿਰੀ ਡਿਸਪੈਂਸਰੀਆਂ ਅਤੇ ਹਸਪਤਾਲ ਚਲਾ ਰਿਹਾ ਹੈ, ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਤਿੰਨ ਹਜ਼ਾਰ ਡਾਕਟਰਾਂ ਦੀ ਭਰਤੀ ਹੋ ਚੁੱਕੀ ਹੈ। ਇਹ ਅਫਸਰਸ਼ਾਹੀ ਅਤੇ ਸਰਕਾਰਾਂ ਦਾ ਪੇਂਡੂ ਸਿਹਤ ਸੇਵਾਵਾਂ ਤੋਂ ਹੱਥ ਪਿੱਛੇ ਖਿੱਚਣਾ ਨਹੀਂ ਤਾਂ ਹੋਰ ਕੀ ਹੈ? ਦਵਾਈਆਂ, ਫਰਨੀਚਰ ਅਤੇ ਮੈਡੀਕਲ ਯੰਤਰਾਂ ਦੀ ਘਾਟ ਨਾਲ ਜੂਝ ਰਹੀਆਂ ਇਨ੍ਹਾਂ ਡਿਸਪੈਂਸਰੀਆਂ ਨੂੰ ਚਲਾਉਣ ਵਾਲੇ ਡਾਕਟਰਾਂ ਨੂੰ ਸਰਕਾਰ ਸ਼ਹਿਰਾਂ ਅਤੇ ਵੱਡੇ ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ ਦੇ ਨਾਂਅ 'ਤੇ ਸਿਹਤ ਵਿਭਾਗ ਵਿੱਚ ਰਲਾਉਣ ਦੀ ਤਿਆਰੀ ਵਿੱਚ ਹੈ। ਇਨ੍ਹਾਂ ਦੀ ਤੈਨਾਤੀ ਸ਼ਹਿਰਾਂ ਵਿੱਚ ਜਾਂ ਜੇਲ੍ਹਾਂ ਵਿੱਚ ਕੀਤੀ ਜਾਵੇਗੀ।

ਸਰਕਾਰ ਦੀ ਨੀਤੀ ਨੂੰ ਦੇਖਦੇ ਹੋਏ ਉਹ ਦਿਨ ਦੂਰ ਨਹੀਂ, ਜਦੋਂ ਇਨ੍ਹਾਂ ਡਿਸਪੈਂਸਰੀਆਂ 'ਚੋਂ ਡਾਕਟਰ ਕੱਢ ਲਏ ਜਾਣਗੇ ਅਤੇ ਹਰ ਸਾਲ ਆਉਂਦੇ ਇੱਕ ਕਰੋੜ ਮਰੀਜ਼ਾਂ ਨੂੰ ਝੋਲਾ ਛਾਪ ਡਾਕਟਰਾਂ ਦੇ ਸਿਰ 'ਤੇ ਛੱਡ ਕੇ ਇਨ੍ਹਾਂ ਡਿਸਪੈਂਸਰੀਆਂ ਨੂੰ ਜਿੰਦਰੇ ਲਾ ਦਿੱਤੇ ਜਾਣਗੇ। ਸੂਬੇ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਹੁਣ ਤਾਂ ਸ਼ਹਿਰਾਂ ਵਿੱਚ ਡਾਕਟਰ ਮਿਲ ਜਾਣਗੇ, ਪਰ ਆਉਣ ਵਾਲੇ ਦੋ ਸਾਲਾਂ ਵਿੱਚ ਸ਼ਾਇਦ ਪਿੰਡਾਂ ਦੇ ਲੋਕ ਸਰਕਾਰ ਨੂੰ ਮੁਆਫ ਨਾ ਕਰ ਸਕਣ।

## ਹਲਕਾ ਫੁਲਕਾ

ਪਤਨੀ ਪਤੀ ਨੂੰ, ''ਤੁਹਾਨੂੰ ਮੈਂ ਇੱਕ ਘੰਟੇ ਤੋਂ ਕੁਝ ਪੁੱਛ ਰਹੀ ਹਾਂ, ਪਰ ਤੁਸੀਂ ਉਬਾਸੀ ਲੈ ਰਹੇ ਹੋ।''

ਪਤੀ, ''ਓਹ ...ਮੈਂ ਉਬਾਸੀ ਨਹੀਂ ਲੈ ਰਿਹਾ ਸੀ, ਬੱਸ ਬੋਲਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਪਰ ਮੌਕਾ ਹੀ ਨਹੀਂ ਮਿਲ ਰਿਹਾ।''

********

ਡਾਕਟਰ, ''ਬੱਚੇ ਨੂੰ ਪਾਣੀ ਪਿਲਾਉਣ ਤੋਂ ਪਹਿਲਾਂ ਉਸ ਨੂੰ ਉਬਾਲ ਲਓ।''

ਚੰਗੂ,''ਡਾਕਟਰ ਸਾਹਬ, ਉਬਾਲਣ ਨਾਲ ਬੱਚਾ ਮਰ ਤਾਂ ਨਹੀਂ ਜਾਵੇਗਾ।''

********

ਗਾਹਕ, ''ਇਹ ਸੂਪ ਤਾਂ ਬਹੁਤ ਹੀ ਪਤਲਾ ਹੈ।''

ਵੇਟਰ, ''ਮੈਨੇਜਰ ਸਾਹਿਬ ਦੀ ਇੱਛਾ ਹੈ ਕਿ ਪਲੇਟ 'ਤੇ ਬਣੇ ਵੇਲ-ਬੂਟੇ ਵੀ ਤੁਸੀਂ ਦੇਖ ਸਕੋ।''

********

ਦੁਲਹਨ ਨੂੰ ਮਹਿੰਦੀ ਲਾ ਰਹੀ ਸਹੇਲੀ ਕੋਲ ਇੱਕ ਤਿੰਨ ਸਾਲ ਦੀ ਬੱਚੀ ਬੈਠੀ ਜ਼ਿੱਦ ਕਰਨ ਲੱਗੀ ਕਿ ਮੇਰੇ ਵੀ ਮਹਿੰਦੀ ਲਾਓ। ਬੱਚੀ ਨੂੰ ਟਾਲਣ ਦੇ ਉਦੇਸ਼ ਨਾਲ ਦੁਲਹਨ ਦੀ ਸਹੇਲੀ ਨੇ ਉਸ ਦੇ ਹੱਥਾਂ 'ਤੇ ਕੁਝ ਟੇਢੀਆਂ ਲਾਈਨਾਂ ਬਣਾ ਦਿੱਤੀਆਂ।

ਬੱਚੀ ਉਨ੍ਹਾਂ ਨੂੰ ਦੇਖ ਕੇ ਕਹਿਣ ਲੱਗੀ, ''ਆਂਟੀ ਜੀ! ਕੀ ਤੁਸੀਂ ਉਰਦੂ 'ਚ ਮਹਿੰਦੀ ਲਗਾ ਰਹੇ ਹੋ?''



ਕੈਨੇਡਾ ਦੀਆਂ ਚੋਣਾਂ ਪੰਜਾਬੀਆਂ ਸਫ਼ਲਤਾ ਪ੍ਰਾਪਤ ਕੀਤੀ। ਇਹੀ ਨਹੀਂ ਇਕ ਮਨਿਸਟਰ ਕੋਲ ਚਾਰ ਚਾਰ ਮਹਿਕਮੇ ਸਨ। ਹੁਣ ਗੱਲ ਕਰਦੇ ਹਾਂ ਸਾਡੇ ਹਰਮਨ ਪਿਆਰੇ ਮਨਿੰਦਰ ਸਿੰਘ ਸਿੱਧੂ ਦੀ ਜੋ ਇਸ ਗਰੁੱਪ ਫੋਟੋ ਵਿਚ ਵਿਚਕਾਰ ਖੜ੍ਹੇ ਹਨ। ਇਕ ਪ੍ਰੋਗਰਾਮ ਦੌਰਾਨ ਇਨ੍ਹਾਂ ਪਤਵੰਤਿਆਂ ਦੀ ਇਕੱਤਰਤਾ ਹੋਈ। ਉਨ੍ਹਾਂ ਦੇ ਸੱਜੇ ਪਾਸੇ ਮਨਿਦਰ ਦੇ ਪਿਤਾ ਨਰਿੰਦਰ ਸਿੰਘ ਸਿੱਧੂ ਖੜ੍ਹੇ ਹਨ ਤੇ ਊਨਾ ਦੇ ਸੱਜੇ ਸੁਲੱਖਣ ਸਿੰਘ ਅਟਵਾਲ ਖੜ੍ਹੇ ਹਨ। ਸੱਜੇ ਹੱਥ ਤੇ M P. Manider sidhu ਜੀ ਦੀ ਮਾਤਾ ਬੀਬੀ ਸੁਖਵੰਤ ਸਿੱਧੂ ਤੇ ਖੱਬੇ ਪਾਸੇ ਮਨਿਦਰ ਸਿੰਘ ਦੀ ਸਸ, ਅਟਵਾਲ ਦੇ ਪਿੱਛੇ ਹਰਭਜਨ ਥਿੰਦ ਉਸਦੇ ਪਿੱਛੇ ਹਰਜਿੰਦਰ ਸਿੰਘ ਬਾਸੀ ਜੋ ਮਨਿੰਦਰ ਸਿੰਘ ਦਾ ਮਾਮਾ ਹੈ ਨਾਲ ਹੀ ਅਜਾਇਬ ਸਿੰਘ ਅਟਵਾਲ ਖੜ੍ਹੇ ਹਨ। ਇਸ ਸਫਲਤਾ ਵਿਚ ਸਭ ਜਿਆਦਾ ਹੱਥ ਪਰਮਜੀਤ ਸਿੱਧੂ ਦਾ ਜੋ ਦਾ ਤਾਇਆ, ਬਵਿੰਦਰ ਕੌਰ ਤਾਈਂ ਨਾਲ ਹੀ ਦਿਖਾਈ ਦੇ ਰਹੇ ਹਨ। ਮਨੰਦਿਰ ਸਿੰਘ ਦੇ ਸਾਓਰਾ ਬੰਤ ਸਿੰਘ ਨਿੱਝਰ ਨਜ਼ਰ ਨਹੀਂ ਆ ਰਹੇ। ਸੁਲੱਖਣ ਸਿੰਘ ਅਟਵਾਲ ਵੱਲੋਂ ਮਨਿੰਦਰ ਦੇ ਪਰਿਵਾਰ ਰਿਸ਼ਤੇਦਾਰ ਦੋਸਤਾਂ ਮਿੱਤਰਾਂ ਨੂੰ ਲੱਖ-ਲੱਖ ਮੁਬਾਰਕਾਂ।

# ਜ਼ਰੂਰ ਜਾਣੋ; ਗਿਆਨ ਗੰਗਾ

## ।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ

**ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org**

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | **647-739-4641**
satsahibusa@gmail.com | **346-714-0224**

---

**New City Pizza & Kamal Sandhu Real Estate Present**

# BHANGRA FITNESS

ਭੰਗੜਾ

ENJOY DANCING, STAY FIT

**647.685.1685**

www.BhangraFitness.ca | bhangrafitness1@gmail.com

**Offering Bhangra Classes For All Ages**

*Now Open 6 Days a Week*

**50 Lacoste Blvd, Unit-112 Brampton, ON L6P 3Z8**

---

## NEED A LAWYER ??

Red Seal NOTARY

# KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

**Tel : 905-454-0099**
Fax: 905-454-2234
2575 Steeles Ave. E., Unit 1,Brampton, ON L6T 5T1

---

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

***VEGETARIAN FOOD HEALTHY EATING***

## SERVING FROM 10 LOCATIONS IN ALL THE GTA AREA:

| | | | |
|---|---|---|---|
| 10 Westmore Drive<br>Etobicoke ON M9V-3Z7<br>416-740-3262 | 2120 North park Drive<br>Brampton ON L6S 0C9<br>905-793-1338 | 10510 Torbram Road,<br>Brampton<br>905-790-0030 | 308 Eddystone Ave<br>North York ON M3N-1H7<br>416-740-3360 |
| 621 Wanless drive, # 122<br>Brampton ON L7A 0A9<br>905-495-3336 | 284 Orenda Road #13<br>Brampton ON L6T 5S3<br>905-450-9167 | 10 Pannahill Dr,<br>Brampton<br>905 913-8017 | |
| 80 Pertosa Drive<br>Brampton ON L5X-5E9<br>905-460-0009 | 1075 Ceremonial Drive<br>Mississauga ON L5R 2Z4<br>905-502-1600 | 21 Lacoste Blvd,<br>Brampton, ON L6P 2K2<br>905 794-8109 | |

